

ਲਾਹੌਰੀ
ਬੋਲੀਆਂ
ਮੁਮਤਾਜ਼ ਰਾਸ਼ਿਦ ਲਾਹੌਰੀ

# ਲਾਹੌਰੀ ਬੋਲੀਆਂ

ਮੁਮਤਾਜ਼ ਰਾਸ਼ਿਦ ਲਾਹੌਰੀ

## ਅਕੀਦਤ (ਸ਼ਰਧਾ) ਦੀਆਂ ਬੋਲੀਆਂ

ਸੋਹਣੇ ਰੱਬ ਨੇ ਬਣਾਈ ਸੋਹਣੀ ਦੁਨੀਆ
ਵਸਾਇਆ ਫ਼ਿਰ ਇਹਨੂੰ ਰੱਜਕੇ

ਜਿਨ੍ਹੀਂ ਵੇਖਣੇ ਨੇ ਰੱਬ ਦੇ ਨਜ਼ਾਰੇ
ਉਹ ਸੀਨੇ ਵਿਚ ਝਾਤ ਮਾਰ ਲਏ

ਸਾਰੇ ਨਬੀਆਂ ਚ ਉੱਚੇ ਉਹਦੇ ਰੁਤਬੇ
ਨਬੀ ਏ ਜਿਹੜਾ ਮੱਕੀ-ਮਦਨੀ

ਉੱਚੀ ਸ਼ਾਨ ਵਾਲਾ ਨਬੀ ਦਾ ਘਰਾਨਾ
ਤੇ ਉਹਦਾ ਹਰ ‘‘ਜੀ’’ ਏ ਸੁਥਰਾ

ਉਹਨਾਂ ਨਬੀ ਜੀ ਦੀ ਸੋਹਬਤ ਪਾਈ
ਸਹਾਬੀਆਂ ਦਾ ਜੋੜ ਕੋਈ ਨਾ

ਹੱਜ ਉਮਰਾ ਨਮਾਜ਼ ਰੋਜ਼ਾ ਸੱਜਣੋ
ਇਬਾਦਤਾਂ ਨੇਂ ਕਹੀਆਂ ਸੋਹਣੀਆਂ

ਉਠੋ ਫ਼ਜਰੇ ਤੇ ਯਾਦ ਕਰੋ ਰੱਬ ਨੂੰ
ਤੇ ਸਾਰਾ ਦਿਨ ਸੋਹਣਾ ਲੰਘਸੀ

ਇਹਨਾਂ ਕਬਰਾਂ 'ਚ ਸਾਰੇ ਸਾਡੇ ਆਪਣੇ
ਤੂੰ ਰੱਬਾ ਰੱਖੀਂ ਮਿਹਰ ਸੱਭ ਤੇ

ਸੋਹਣੇ ਰੱਬ ਨੇ ਕਰਮ ਐਸਾ ਕੀਤਾ
ਬਲਾਵਾਂ ਦਫ਼ਾ ਦੂਰ ਹੋ ਗਈਆਂ

ਤੌਬਾ ਕਰੇ ਤੇ ਉਹ ਡਰੇ ਸੋਹਣੇ ਰੱਬ ਤੋਂ
ਸਵਾਲੀ ਨੂੰ ਜੇ ਕੋਈ ਝਿੜਕੇ

ਦਿਨੀਂ ਰਾਤੀਂ ਜਿਥੇ ਪੈਦਲ ਈ ਟੁਰਾਇਆ
ਸਵਾਰੀਆਂ ਵੀ ਉਸੇ ਈ ਦਿੱਤੀਆਂ

ਸੁੱਕੀ ਰੋਟੀ ਤੋਂ ਵੀ ਜਿਥੇ ਤਰਸਾਇਆ
ਪਰੌਂਠੇ ਵੀ ਖਵਾਏ ਉਸੇ ਨੇਂ

ਆਕਾ ਛੋਟੀ ਜਿੰਨੀ ਅਰਜ਼ੀ ਏ ਸਾਡੀ
ਗ਼ੁਲਾਮਾਂ ਵਿਚ ਸਾਨੂੰ ਗਿਣ ਲਓ

ਸ਼ਹਿਰ ਮੱਕੇ ਦੀ ਕੀ ਸ਼ਾਨ ਤੁਹਾਨੂੰ ਦੱਸੀਏ
ਖ਼ੁਦਾ ਦਾ ਪਹਿਲਾ ਘਰ ਓਥੇ ਵੇ

ਜਿੰਨੀ ਮੋਹਣੀ ਉਹ ਹਿਜਾਜ਼ ਦੀ ਜ਼ਮੀਨ ਏ
ਕੋਈ ਭੀ ਕਿਤੇ ਨਹੀਂ ਮਿਲਣੀ

ਸੋਹਣੇ ਰੱਬ ਦੀ ਜੇ ਹੋਵੇ ਮਿਹਰਬਾਨੀ
ਤੇ ਪੰਜੀਂ ਮੰਟੀ ਨ੍ਹੇਰੇ ਛੱਟਦੇ

ਰੱਬਾ ਮਾੜਿਆਂ ਦੇ ਰੋਗ ਕਦੋਂ ਮੁਕਣੇ
ਤੇ ਕਦੋਂ ਆਉਣਾਂ ਸਾਹ ਸੁੱਖ ਦਾ

ਰੱਬਾ ਸੋਹਣਿਆ! ਦੁਆਵਾਂ ਇਹੋ ਕਰੀਏ
ਨਦਾਮਤਾਂ ਕਬੂਲ ਕਰ ਲੈ

ਕਿਸੇ ਵੇਦ ਤੋਂ ਸ਼ਫ਼ਾ ਨਹੀਂ ਮਿਲਦੀ
ਇਹ ਕੰਮ ਮੇਰੇ ਸੋਹਣੇ ਰੱਬ ਦਾ

ਜਿਹੜੇ ਡਰਦੇ ਨੇਂ ਹਰ ਵੇਲੇ ਰੱਬ ਤੋਂ
ਜ਼ਮੀਰ ਦੀ ਆਵਾਜ਼ ਸੁਣਦ

ਵਾਰੋ ਵਾਰੀ ਇਥੋਂ ਸਭਾਂ ਟੁਰ ਜਾਣਾ
ਤੇ ਸਦਾ ਰਹਿਣਾ ਨਾਂ ਰੱਬ ਦਾ

ਨਾਤਾਂ ਪੜ੍ਹੀਏ ਨਬੀ ਦੀਆਂ ਸੱਜਣੋ
ਮੁਰਾਦਾਂ ਦੇ ਖ਼ਜ਼ਾਨੇ ਭਰੀਏ

ਜਿਹੜੇ ਘਰਾਂ ਵਿਚ ਰਹਿੰਦੇ ਰੋਜ਼ ਫ਼ਾਕੇ
ਵਿਚਾਰੇ ਉਹ ਵੀ ਰੋਜ਼ੇ ਰੱਖਦੇ

ਇਕੋ ਬਾਪ ਦੀ ਔਲਾਦ ਸਾਰੀ ਦੁਨੀਆ
ਅਕੀਦਿਆਂ ਦੀ ਗੱਲ ਵੱਖਰੀ

ਮਿਲੇ ਜਿਹਨਾਂ ਨੂੰ ਸਕੂਨ ਦੇ ਖ਼ਜ਼ਾਨੇ
ਫ਼ਕੀਰੀ ਵਿਚ ਐਸ਼ ਕਰਦੇ

ਟੁੱਕ ਰੋਟੀ ਦਾ ਫ਼ਕੀਰਾਂ ਨੂੰ ਬਥੇਰਾ
ਤੇ ਕਿਹੜੇ ਉਹਨਾਂ ਢਿੱਡ ਭੱਰਨੇ

ਰੋਜ਼ੇ ਰੱਖੀਏ ਤਰਾਵੀਆਂ ਪੜ੍ਹੀਏ
ਤੇ ਰੱਬ ਰੱਬ ਕਰਦੇ ਰਹੀਏ

ਰੋਜ਼ਾ ਰੱਖਿਆ ਤੇ ਲੱਗੀ ਨਾ ਦਿਹਾੜੀ
ਅੱਠ ਪਹਿਰਾ ਰੱਖਣਾ ਪਿਆ

ਸਾਡੇ ਕੰਨਾਂ ਚ ਦਰੂਦ ਜਿਹਾ ਗੂੰਜੇ
ਸਵੇਰੇ ਜਦੋਂ ਪੱਖੂ ਚਹਿਕਦੇ

ਭਰੇ ਹੋਏ ਨੇ ਖ਼ਜ਼ਾਨੇ ਤੁਹਾਡੇ ਸੱਜਣੋ
ਤੇ ਕਦੀ ਤੇ ਜ਼ਕਾਤ ਕੱਢ ਲਓ

ਮੱਥਾ ਰੱਬ ਦੇ ਦੁਆਰੇ ਜਦੋਂ ਝੁਕਿਆ
ਤੇ ਸੀਨੇ ਵਿਚ ਹੋਇਆ ਚਾਨਣਾ

ਅੱਖਾਂ ਨੂਰ ਦੇ ਸਰੂਰ ਵਿੱਚ ਡੁਬੀਆਂ
ਮਦੀਨੇ ਦੇ ਨਜ਼ਾਰੇ ਕਰਕੇ

ਜਦੋਂ ਹੁੰਦੀਆਂ ਨੇਂ ਮੌਲਾ ਦੀਆਂ ਮਹਿਰਾਂ
ਤੇ ਹਰ ਪਾਸੇ ਨੂਰ ਵੱਸਦਾ

ਸੋਹਣੇ ਰੱਬ ਦੀਆਂ ਹੋਈਆਂ ਜਦੋਂ ਮਹਿਰਾਂ
ਉਜਾੜਾਂ ਵਿਚ ਫੁੱਲ ਖਿੜ ਪਏ

ਐਸਾ ਦਿਲ ‘ਚ ਵਸਾਇਆ ਸੋਹਣੇ ਰੱਬ ਨੂੰ
ਕਿ ਜੁਸਾ ਨੂਰ-ਉ-ਨੂਰ ਹੋ ਗਿਆ

ਸੋਹਣੇ ਰੱਬ ਦੀ ਤੇ ਸਾਡੀ ਇਕ ਸਾਂਝ ਏ
ਇਹ ਮੁਲਾਂ ਵਿਚ ਕਿਥੋਂ ਆ ਗਿਆ

ਅੱਲ੍ਹਾ ਪਾਕ ਨੂੰ ਜੇ ਰੱਖਣਾ ਈ ਰਾਜ਼ੀ
ਤੇ ਉਹਦੀ ਮਖ਼ਲੂਕ ਨੂੰ ਰੱਖੀਂ

ਨਬੀ ਪਾਕ ਦੀਆਂ ਏਨੀਆਂ ਨੇ ਸਿਫ਼ਤਾਂ
ਕਿ ਗਿਣਿਆਂ ਨਾ ਜਾਣ ਗਿਣੀਆਂ

ਚੁੱਪ ਕਰਕੇ ਤੇ ਕੰਮ ਕਰੀ ਜਾਈਏ
ਤੇ ਕਾਮਯਾਬੀ ਰੱਬ ਦਵੇਗਾ

ਰੱਬਾ ਐਸੀ ਇਕ ਬੋਲੀ ਮੈਥੋਂ ਹੋ ਜਾਏ
ਕਿ ਜਿਹੜੀ ਮੈਨੂੰ ਭਾਗ ਲਾ ਦਵੇ

ਕਿਤੇ ਮੌਲਾ ਨੇ ਖਿਲਾਰੇ ਰੱਜ ਸਬਜ਼ੇ
ਤੇ ਕਿਤੇ ਨੀਂ ਉਜਾੜ ਖੇਤੀਆਂ

ਸੁਬ੍ਹਾ ਫ਼ਜਰੇ ਦੀ ਬਾਂਗ ਵੇਲੇ ਉਠ ਪਓ
ਨਹੂਸਤਾਂ ਨੂੰ ਦੂਰ ਕਰ ਲਓ

## ਸ਼ੋਖ਼ ਰੁਮਾਨੀ ਬੋਲੀਆਂ

ਤੇਰੀ ਅੱਖ ਦੀ ਮਸ਼ਾਲ ਜਦੋਂ ਜੱਗਦੀ
ਤੇ ਜਗ-ਮਗ ਹੁੰਦੀ ਜਿੰਦੜੀ

ਚੰਨ ਚੌਧਵੀਂ ਦਾ ਖਿੜ ਖਿੜ ਹੱਸਿਆ
ਤੇ ਕਿਰਨਾਂ ਦੀ ਝੱੜੀ ਲੱਗ ਗਈ

ਮੇਰੇ ਵਾਲਾਂ ਵਿਚ ਫੇਰ ਜ਼ਰਾ ਉਂਗਲਾਂ
ਨਸ਼ੀਲੀਆਂ ਨੇਂ ਪੋਰਾਂ ਤੇਰੀਆਂ

ਨੇੜੇ ਆਉਣ ਦੇ ਨਾ ਹੀਲੇ ਕਰੋ ਸੱਜਣੋ
ਕਿ ਅੱਜ ਸਾਡਾ ਮੂਡ ਕੋਈ ਨਾ

ਕਿਹੜੇ ਯਾਰ ਦੀ ਗਲੀ ਚੋਂ ਤੂੰ ਐਂ ਲੰਘਦੀ
ਕਿ ਤੇਥੋਂ ਖ਼ੁਸ਼ਬੋਵਾਂ ਆਉਂਦੀਆਂ

ਆਇਆ ਸਿੰਧ ਵਲੋਂ ਇਕ ਅਲਬੇਲਾ
ਤੇ ਸਿੰਧੜੀ ਦੇ ਰੱਸ ਵੱਰਗਾ

ਪੈਲਾਂ ਪਾਵੇ ਜਦੋਂ ਸੋਹਣੀ ਲਹਿਰਾ ਕੇ
ਨਿਗਾਹਵਾਂ ਵਿਚ ਰੰਗ ਤੱਰਦੇ

ਟੱਪੇ ਮਾਹੀਏ ਤੇ ਸੁਣਾਵਾਂ ਕਦੀ ਗ਼ਜ਼ਲਾਂ
ਕਿ ਮੈਂ ਤੇ ਉਹਨੂੰ ਰਾਜ਼ੀ ਰੱਖਣਾਂ

ਜਦੋਂ ਰਲਕੇ ਨਿਕਲ ਆਈਆਂ ਜੱਟੀਆਂ
ਤੇ ਮੁੰਡਿਆਂ ਦੀ ਦੌੜ ਲੱਗ ਗਈ

ਅਸੀਂ ਫੁੱਲਾਂ ਦੀ ਨੁਮਾਇਸ਼ ਵਿਚ ਜਾਕੇ
ਮੁਹੱਬਤਾਂ ਦੀ ਮਹਿਕ ਲੱਭਦੇ

ਯਾਦ ਆਂਦੀਆਂ ਨੇਂ ਯਾਰ ਦੀਆਂ ਗੱਲੀਆਂ
ਤੇ ਵਾਅ ਵੱਗੇ ਬਾਗਾਂ ਵਰਗੀ

ਉਹਦਾ ਅੰਗ ਅੰਗ ਦੇਵੇ ਖ਼ੁਸ਼ਬੋਵਾਂ
ਉਹ ਗੁਲ ਬੀ ਬੀ ਜਿਥੋਂ ਲੰਘਦੀ

ਲੱਕ ਪਤਲਾ ਉਹ ਜਦੋਂ ਲਚਕਾਵੇ
ਤੇ ਰਾਹੀ ਮੁੜ ਮੁੜ ਤੱਕਦੇ

ਟੋਏ ਗੱਲ੍ਹਾਂ ਵਾਲੇ ਤੇਰੇ ਮਨਮੋਹਣੇ
ਤੇ ਮੁੱਖ ਵੀ ਕਮਾਲ ਏ ਤਰਾ

ਗੋਰੀ ਮੁੰਡਿਆਂ ਨੂੰ ਪਿੱਛੇ ਪਿੱਛੇ ਲਾਇਆ
ਤੇ ਉਨ੍ਹਾਂ ਉਤੇ ਰਹਵੇ ਹੱਸਦੀ

ਤੇਰੀ ਅੱਖੀਆਂ ਦੇ ਨਾਵੇਂ ਕਰ ਛੱਡਣੀ
ਨਸ਼ੀਲੀ ਜਦੋਂ ''ਬੋਲੀ'' ਹੋ ਗਈ

ਤੇਰੇ ਮਿਲਣੇ ਲਈ ਮੰਗੀਆਂ ਦੁਆਵਾਂ
ਮੈਂ ਕਾਬੇ ਵੱਲ ਮੂੰਹ ਕਰਕੇ

ਗੋਰੇ ਮੁੱਖ ਤੇ ਝਰੀਟਾਂ ਪਈਆਂ
ਨੀ ਬੇਰੀਆਂ ਦੇ ਬੇਰ ਖਾਣੀਏ

ਜਦੋਂ ਮੇਰੇ ਤੇ ਜਵਾਨੀ ਦਾ "ਚੜ੍ਹਾ" ਸੀ
ਨੀ ਗੋਰੀਏ ਤੂੰ ਉਦੋਂ ਕਿੱਥੇ ਸੈਂ

ਵੇਖੀ ਚਿੱਟੀਆਂ ਕਬੂਤਰਾਂ ਦੀ ਜੋੜੀ
ਤੇ ਅੱਖਾਂ ਵਿਚ ਆਈਆਂ ਚਮਕਾਂ

ਐਵੇਂ ਡੂੰਡੀਆਂ ਮਰੋੜ ਨਾ ਵੇ ਝਲਿਆ
ਨਾ ਫੁੱਲਾਂ ਨੂੰ ਤੂੰ ਤੰਗ ਕਰ ਵੇ

ਮੈਂ ਮੁਹੱਬਤਾਂ ਦਾ ਫੁਲ ਤੈਨੂੰ ਦੇਵਾਂ
ਤੇ ਲੈ ਲੈ ਖ਼ੁਸ਼ਬੋਆਂ ਰੱਜਕੇ

ਮੈਨੂੰ ਅੰਦਰੋਂ ਸਤਾਂਦੇ ਰਹਿੰਦੇ
ਤੇ ਕੋਈ ਮੇਰੇ ਜਿੰਨ ਕੱਢ ਦੱਏ

ਜਦੋਂ ਈਦ ਤੇ ਨਾ ਆਇਆ ਕੋਈ ਮਿਲਣੇ
ਤੇ ਆਪੇ ਈ ਮੈਂ ਪ੍ਰਾਹੁਣਾ ਬਣਿਆ

ਹੌਲੀ ਬੋਲ ਜ਼ਰਾ ਵੇਹੜੇ ਵਿਚ ਸੱਜਣਾਂ
ਗਆਂਢੀ ਸਾਨੂੰ ਕੀ ਕਹਿਣਗੇ

ਤੇਰੇ ਨਾਲ਼ ਬਹਿਕੇ ਤੱਕਣੀ ਏ ਮੂਵੀ
ਤੇ ਨਾਲ਼ ਕੁੱਝ ਸ਼ੋਖ਼ੀ ਕਰਨੀ

ਚੂੰਢੀ ਹੌਲੀ ਜ਼ਰਾ ਵੱਢ ਮੈਨੂੰ ਅੜਿਆ
ਕਿ ਕੋਈ ਮੇਰੀ ਚੀਕ ਨਾ ਸੁਣੇ

ਤੇਰੇ ਕਹਿਣ ਤੇ ਮੈਂ ਪਾਏ ਲਾਲ਼ ਕੱਪੜੇ
ਤੂੰ ਮੇਰੇ ਵੱਲ ਵੇਖ ਤੇ ਸਹੀ

ਉਹਦੇ ਨਾਲ਼ ਅਸੀਂ ਬੈਠੇ ਜ਼ਰਾ ਜੁੜ ਕੇ
ਤੇ ਅੰਗ ਅੰਗ ਭਖ਼ਦਾ ਰਿਹਾ

ਨਾਲ਼ ਬਾਹਕੇ ਮੈਨੂੰ ਗੱਡੀ ੳ ਚਲਾਵੇ
ਤੇ ਮੈਨੂੰ ਕੋਈ ਹੋਸ਼ ਨਾ ਰਹਵੇ

ਉੱਚੀ ਬੋਲਦੀ ਨਾ ਬਿੱਟ ਬਿੱਟ ਤੱਕਦੀ
ਇਹ ਕੁੜੀ ਪੜ੍ਹੀ ਲਿਖੀ ਲਗਦੀ

ਮੇਰਾ ਤੇਰੇ ਤੋਂ ਸਵਾਲ ਨਾ ਕੋਈ
ਤੂੰ ਆਪੋਂ ਮਿਹਰਬਾਨੀ ਕਰ ਦੇ

ਤੇਰੇ ਨਾਲ਼ ਨਹੀਂ ਸ਼ਕੈਤ ਕੋਈ ਕਰਨੀ
ਕਿ ਤੈਨੂੰ ਸਾਰੇ ਹੱਕ ਦੇ ਦਿੱਤੇ

ਸੋਹਣੇ ਤਿਲੇ ਵਾਲੀ ਚਿੱਟੀ ਉਹਦੀ ਘਘਰੀ
ਪਰੀ ਉਹ ਜਿਵੇਂ ਕੋਹਕਾਫ਼ ਦੀ

ਮਿੱਠੇ ਗੁੜ ਜਿਹੀਆਂ ਗੋਰੀ ਦੀਆਂ ਬੁਲ੍ਹਿਆਂ
ਤੇ ਨੈਣ ਉਹਦੇ ਸਾਗ਼ਰਾਂ ਜਿਹੇ

ਕੋਲੋਂ ਲੰਘੇ ਗੌਣ ਗਾਂਦੇ ਹੋਏ ਸੋਹਣੇ
ਸਕੂਲਾਂ ਦੀਆਂ ਟੱਲੀਆਂ ਜਿਹੇ

ਮੈਨੂੰ ਚੋਰੀ ਚੋਰੀ ਤੱਕਦੀ ਏ ਗੋਰੀ
ਮਦਾਰੀ ਦਾ ਤਮਾਸ਼ਾ ਵੇਖਦੀ

ਹੋਲਾਂ ਭੰਨਦੀ, ਤੇ ਗੰਨਾ ਪਈ ਚੂਪਦੀ
ਸਵਾਣੀ ਸਾਡੇ ਸੋਹਣੇ ਪਿੰਡ ਦੀ

ਜਿੰਨਾ ਚਾਹਵੇਂ ਤੂੰ ਮਧੋਲ਼ ਅੱਜ ਮੈਨੂੰ
ਤੇ ਕੱਲ੍ਹ ਵਾਲਾ ਗ਼ੁੱਸਾ ਕੱਢ ਲੈ

ਮੈਨੂੰ ਜੀਪ ਵਿਚ ਨਾਲ਼ ਬਿਠਾ ਲੈ
ਪਹਾੜੀਆਂ ਦੀ ਸੈਰ ਕਰੀਏ

ਕਿਸੇ ਹੋਰ ਲਈ ਮੈਂ ਆਖੀ ਜਦੋਂ ਬੋਲੀ
ਤੇ ਗੋਰੀ ਮੇਰੇ ਵੈਰ ਪੈ ਗਈ

ਉਹਨੇ ਲੱਖਾਂ ਵਿਚੋਂ ਹਾਣੀ ਮੈਨੂੰ ਚੁਣਿਆਂ
ਤੇ ਮੇਰੇ ਜਿਹੇ ਨਸੀਬ ਕਿਸ ਦੇ

ਜਦੋਂ ਗਾਈਆਂ ਉਹਨੇ ਮੇਰੀਆਂ ਬੋਲੀਆਂ
ਤੇ ਸੋਨੇ ਤੇ ਸੁਹਾਗਾ ਹੋ ਗਿਆ

ਕੌੜੀ ਗੱਲ ਨਾ ਕਰੀਂ ਵੇ ਕੋਈ ਢੋਲਾ
ਮਿਲਣ ਬਰਬਾਦ ਨਾ ਕਰੀਂ

ਤੇਰੇ ਨਾਲ਼ ਨਹੀਂ ਬਖੇੜਾ ਕੋਈ ਕਰਨਾਂ
ਮੈਂ ਸਿੱਧੀ ਸਿੱਧੀ ਗੱਲ ਕਰਨੀ

ਅੱਜ ਕਹਿ ਲੈ ਜੋ ਵੀ ਦਿਲ ਵਿਚ ਆਵੇ
ਤੇ ਮੈਂ ਵੀ ਅੱਜ ਨਹੀਓਂ ਸੰਗਣਾਂ

ਸਾਨੂੰ ਰਾਹ ਦੇ ਵਿਚ ਮਾਹੀਏ ਕੱਲੀ ਛੱਡਿਆ
ਤੇ ਸਾਡੇ ਨਾਲ਼ ਹੋਈ ਸੁਥਰੀ

ਉਹਦੇ ਵਿਆਹ ਦਾ ਸੁਨੇਹਾਂ ਜਦੋਂ ਮਿਲਿਆ
ਨਸੀਬਾਂ ਤੇ ਤ੍ਰੇਲ ਪੈ ਗਈ

ਲੱਜ ਆਪਣੀ ਵੀ ਗੋਰੀ ਨੇ ਗੰਵਾਈ
ਤੇ ਮਾਪਿਆਂ ਦਾ ਮਾਣ ਵੀ ਗਿਆ

ਤੇਰੇ ਰਾਹਵਾਂ ਵਿਚ ਰੁਲਦੀ ਫਿਰਦੀ
ਭੁਲੇਖਿਆਂ ਦੀ ਮਾਰੀ ਜਿੰਦੜੀ

ਮੈਨੂੰ ਪੱਲ ਪੱਲ ਯਾਦ ਤੇਰੀ ਆਵੇ
ਕਿਵੇਂ ਮੈਂ ਤੇਰਾ ਪਿਆਰ ਭੁੱਲ ਜਾਂ

ਰੁੱਤਾਂ ਆਂਦੀਆਂ ਨੇਂ ਵੇਖੋ ਮੁੜ-ਮੁੜ ਕੇ
ਤੇ ਜਾਣ ਵਾਲੇ ਕਦੋਂ ਆਣਗੇ

ਮੈਨੂੰ ਪੁੱਛਦੇ ਨੇਂ ਅੱਥਰੂ ਇਹ ਮੇਰੇ
ਕਿ ਦੱਸੋ ਅਸਾਂ ਕਦੋਂ ਸੁਕਣਾਂ

ਅੱਖਾਂ ਲੱਭਦੀਆਂ ਫ਼ਿਰ ਵੀ ਨਹੀਂ ਦਿਸਦੇ
ਗਵਾਚੇ ਹੋਏ ਮੇਰੇ ਆਪਣੇ

ਕਾਲੇ ਕੱਪੜੇ ਉਹ ਪਾ ਜਦੋਂ ਆਈ
ਤੇ ਗੋਰੀ ਦੀ ਪੁਕਾਰ ਪੈ ਗਈ

ਉਹਨੇ ਮੋਢਿਆਂ ਤੇ ਜ਼ੁਲਫ਼ਾਂ ਖਿਲਾਰੀਆਂ
ਘਟਾਵਾਂ ਦਾ ਸਰੂਰ ਆ ਗਿਆ

ਮਾਹੀ ਪਿਆਸ ਵੀ ਬੁਝਾਵੇ ਮੇਰੇ ਮਨ ਦੀ
ਥਕਾਵਟਾਂ ਵੀ ਦੂਰ ਕਰਦਾ

ਸਿਰ ਰੱਖਕੇ, ਮੈਂ ਵਾਅ ਦੇ ਵਿਚ ਉੱਡਦੀ
ਮਾਹੀ ਦੇ ਚੌੜੇ ਸੀਨੇ ਦੇ ਉੱਤੇ

ਕਿੰਨੇ ਸੱਜਦੇ ਨੇਂ ਸੋਹਣੇ ਸੋਹਣੇ ਝੁਮਕੇ
ਕਲਾਈਆਂ ਵਿਚ ਚੂੜੇ ਸੱਜਦੇ

ਚੁੰਨੀ ਉਹਦੀ ਜਿਵੇਂ ਫੁੱਲਾਂ ਦੀ ਏ ਕਿਆਰੀ
ਕਮੀਜ਼ ਉਹਦੀ ਸ਼ਾਖ਼ਾਂ ਵਰਗੀ

ਨੀਵੀਂ ਗਲੇ ਦੀ ਕਮੀਜ਼ ਉਹਨੇ ਪਾਈ
ਕੁੰਵਾਰੇ ਬਿਟ ਬਿਟ ਤੱਕਦੇ

ਪੀਲੀ ਕੁਰਤੀ, ਪਜਾਮਾ ਉਹਦਾ ਰੰਗਲਾ
ਉਹ ਲਗਦੀ ਬਹਾਰ ਵਰਗੀ

ਤੇਰੀ ਮਾਂ ਮੇਰੇ ਪਿਓ ਨਾਲ਼ ਝਗੜੀ
ਤੇ ਤੇਰਾ ਮੇਰਾ ਕੀ ਝਗੜਾ

ਸਾਡੇ ਨਾਲ਼ ਤੂੰ ਸਲੂਕ ਰੱਖੀਂ ਵੱਖਰਾ
ਸ਼ਰੀਕਾਂ ਵਾਲੀ ਗੱਲ ਨਾ ਕਰੀਂ

ਪਹਿਲੋਂ ਓਈ ਫ਼ਿਰ ਹਾਏ ਉਹਨੇ ਕੀਤੀ
ਫ਼ਿਰ ਮੈਨੂੰ ਜੱਫਾ ਪਾ ਲਿਆ

ਗੋਰੀ ਹੱਸਦੀ ਤੇ ਵੱਜਦੀਆਂ ਟੱਲੀਆਂ
ਤੇ ਖੰਗ ਉਹਦੀ ਰਾਗਾਂ ਵਰਗੀ

ਉਹਦੇ ਹਾਸੇ ਵਿਚ ਛਣਕਣ ਘੁੰਘਰੂ
ਤੇ ਵਾਜ ਉਹਦੀ ਵੰਝਲੀ ਜਿਹੀ

ਖ਼ੋਰੇ ਕਿਹੜੀ ਗੱਲ ਮੈਨੂੰ ਕਹਿਣੀ ਚਾਹਵੇ
ਉਹ ਵੱਖੀ ਵਿਚ ਚੂੰਢੀ ਵੱਢ ਕੇ

ਤੇਰਾ ਮੁੱਖ ਨਵੇਂ ਰੰਗ ਵਿਚ ਤੱਕਣਾਂ
ਤੇ ਬਾਲ ਜ਼ਰਾ ਮੋਮਬੱਤੀਆਂ

ਸ਼ੋਖ਼ ਕੁੜੀਆਂ ਦੀ ਟੋਲੀ ਜਦੋਂ ਨਿਕਲੀ
ਤੇ ਮੁੰਡਿਆਂ ਤੇ ਰੁਅਬ ਪੈ ਗਿਆ

ਸ਼ੋਖ਼ੇ ਮੁੰਡੇ ਜਦੋਂ ਕਰਦੇ ਕਲੇਲਾਂ
ਓ ਟੁੱਟ ਪੈਣੇ ਚੰਗੇ ਲਗਦੇ

ਤੇਰੇ ਮੁਖੜੇ ਦੇ ਨੂਰ ਨਾਲ਼ ਲਿਖ ਕੇ
ਗ਼ਜ਼ਲ ਤੇਰੇ ਨਾਂ ਕਰਨੀ

ਪੰਜ ਸੱਤ ਘੁੱਟ ਸਾਨੂੰ ਵੀ ਪਿਲਾ ਦੇ
ਨੀ ਨੈਣਾਂ ਦੀ ਸ਼ਰਾਬ ਵਾਲੀਏ

ਤੇਰੇ ਗੋਰੇ ਚਿੱਟੇ ਪੈਰਾਂ ਵਿਚ ਪੈ ਕੇ
ਕਸੂਰੀ ਜੁੱਤੀ ਸੋਹਣੀ ਲਗਦੀ

ਉਹਦੇ ਪੈਰਾਂ ਚ ਪਜੇਬਾਂ ਇੰਜ ਛਣਕਣ
ਤੇ ਜਿਵੇਂ ਕੋਈ ਪਰੀ ਨੱਚਦੀ

ਗੋਲ ਗੱਪਿਆਂ ਦੀ ਰੇੜ੍ਹੀ ਤੇ ਖਲੋ ਕੇ
ਉਹ ਪੀਜ਼ਿਆਂ ਦੀ ਗੱਲ ਕਰਦੀ

ਕਦੀ ਗੰਨਾ ਚੂਪੇ, ਕਦੀ ਖਾਏ ਕੇਲੇ
ਨਿਰਾਲੀਆਂ ਖ਼ੁਰਾਕਾਂ ਉਹਦੀਆਂ

ਉੱਚੀ ਅੱਡੀ ਵਾਲੀ ਜੁੱਤੀ ਪੈਰੀਂ ਪਾ ਕੇ
ਤੇ ਕੱਚੇ ਰਾਹੀਂ ਟੁਰਨਾ ਪਿਆ

ਤੇਰੀ ਤਲੀਆਂ ਤੇ ਮਹਿੰਦੀ ਇੰਜ ਸਜਦੀ
ਕੜ੍ਹਾਈ ਮੁਲਤਾਨੀ ਏ ਜਿਵੇਂ

ਜਦੋਂ ਨੋਹਵਾਂ ਨੂੰ ਉਹ ਕਰਦੀ ਏ ਰੰਗਲੇ
ਤੇ ਹੱਥਾਂ ਦੇ ਇਸ਼ਾਰੇ ਸਜਦੇ

ਹੱਥ ਉਹਦੇ ਜਿਵੇਂ ਮੇਦੇ ਦੀਆਂ ਟਿਕੀਆਂ
ਕਲਾਈ ਚਿੱਟੇ ਦੁੱਧ ਵਰਗੀ

ਕਦੀ ਕਹਿਨਾ ਵਾਂ ਮੈਂ ਉਹਨੂੰ ਗੋਰੀ ਹਿਰਨੀ
ਕਦੀ ਮੈਂ ਚਿੱਟੀ ਚੂਈ ਕਹਿ ਦਿਆਂ

ਮੈਨੂੰ ਲਗਦੇ ਨੇਂ ਕਿਸੇ ਸੋਹਣੇ ਬੁੱਤ ਜਿਹੇ
ਤਰਾਸ਼ੇ ਹੋਏ ਬੁਲ੍ਹ ਉਸ ਦੇ

ਉਹਨੇ ਪਹਿਲਾਂ ਜ਼ਰਾ ਨਹੀਂ ਨਹੀਂ ਕੀਤੀ
ਤੇ ਫ਼ਿਰ ਮੇਰੇ ਨਾਲ਼ ਟੂਰ ਪਈ

ਪਹਿਲੇ ਮੇਲ ਵਿਚ ਜ਼ਰਾ ਸੀ ਉਹ ਝਿਜਕੀ
ਤੇ ਫ਼ਿਰ ਉਹ ਫ਼ਰੈਂਕ ਹੋ ਗਈ

ਪੱਕੇ ਫੱਲ ਨੇ ਤੇ ਡਿਗਣਾ ਈ ਹੁੰਦਾ
ਮਜ਼ਾ ਏ ਉਹਨੂੰ ਤੋੜਨ ਦਾ

ਜਿਹਨਾਂ ਅੱਖੀਆਂ ਨੇ ਸ਼ਾਇਰੀ ਸਿਖਾਈ
ਉਹ ਹੁਣ ਵੀ ਨੇ ਮੱਧ ਭਰੀਆਂ

ਗੋਰੀ ਮੇਲੇ ਵਿਚ ਆਈ ਬਣ-ਠਣ ਕੇ
ਤੇ ਫ਼ਿਰ ਉਹਨੇ ਮੇਲਾ ਲੁੱਟਿਆ

ਭਾਵੇਂ ਜ਼ਾਤ ਦੀ ਉਹ ਮਾੜੀ ਜਿਹੀ ਕਿਰਲੀ
ਸ਼ਤੀਰਾਂ ਨੂੰ ਉਹ ਜੱਫੇ ਮਾਰਦੀ

ਇੰਨਾਂ ਪੁੱਛ ਨਾ ਕੜ੍ਹੋਚ ਕੇ ਤੂੰ ਸੱਜਣਾਂ
ਕਿ ਪਿਆਰ ਤੈਨੂੰ ਕਿੰਨਾ ਕਰਦੀ

ਨਾਲ਼ ਬਹਿਕੇ ਉਹ ਰਿਸਾਲਾ ਪੜ੍ਹੀ ਜਾਵੇ
ਤੇ ਨਾਲੇ ਮੈਨੂੰ ਵੱਢੇ ਚੂੰਢੀਆਂ

ਪਹਿਲਾਂ ਘੋੜੇ ਦੀ ਸਵਾਰੀ ਉਹਦੀ ਕਰਨੀ
ਤੇ ਉਤੋਂ ਉਹਦਾ ਗੰਨਾ ਚੂਪਣਾ

ਖੁੱਲੀ ਗੱਡੀ ਵਿਚ ਗੋਰੀ ਜਦੋਂ ਨਕਲੀ
ਤੇ ਹਾਰਨਾਂ ਦਾ ਰੌਲ਼ਾ ਪੈ ਗਿਆ

ਸਾਡਾ ਸੋਹਣਾ ਐਂ ਬੜਾ ਈ ਮਨਮੋਹਣਾ
ਉਹ ਦਿਲਾਂ ਤੇ ਚਲਾਵੇ ਛੁਰੀਆਂ

ਮੈਨੂੰ ਆਪਣੀਆਂ ਬਾਹਵਾਂ ਵਿਚ ਕਜ ਲੈ
ਤੇ ਮੈਨੂੰ ਜ਼ਰਾ ਨਿੱਘਾ ਕਰਦੇ

ਆਈ ਹੱਥਾਂ ਚ ਦੀ ਜੋੜੀ
ਤੇ ਦਿਲ ਅਸਮਾਨੇ ਉੱਡਦਾ

ਜਿਹਨੂੰ ਚੂਸਦੀਆਂ ਗੋਰੀ ਦੀਆਂ ਬੁਲ੍ਹਿਆਂ
ਉਹ ਕੁਲਫ਼ੀ ਵੀ ਨਾਜ਼ ਕਰਦੀ

ਇੰਜ ਕਰ, ਅਜੇ ਦਿਲ ਮੇਰਾ ਰੱਖ ਲੈ
ਤੇ ਘਾਟਾ ਵਾਧਾ ਫ਼ਿਰ ਵੇਖ ਲਈਂ

ਅੱਖਾਂ ਕੱਢ ਕੇ ਨਾ ਗ਼ੁੱਸੇ ਨਾਲ਼ ਵੇਖੋ
ਕਿ ਇੰਜ ਸਾਡਾ ਦਿਲ ਡੋਲਦਾ

ਤੇਰੀ ਜ਼ੁਲਫ਼ਾਂ ਚੋਂ ਵਗਦੇ ਇਹ ਤੁਬਕੇ
ਜ਼ਮੀਨ ਅਤੇ ਮੋਤੀ ਬਣ ਗਏ

ਵੇਖ ਤੇਰੇ ਲਈ ਮੈਂ ਕੀ ਲੈ ਆਇਆ
ਤੂੰ ਅੱਖ ਜ਼ਰਾ ਖੋਲ ਤੇ ਸਹੀ

ਕਦੀ ਕੱਲਿਆਂ ਵੀ ਮਿਲ ਸਾਨੂੰ ਸੱਜਣਾਂ
ਕਿ ਰੱਜ ਰੱਜ ਪਾਈਏ ਜੱਫੀਆਂ

ਅੱਜ ਮਾਹੀਏ ਮੈਥੋਂ ਜਿਹੜੀ ਗੱਲ ਪੁੱਛ ਲਈ
ਉਹ ਮੇਰੇ ਕੋਲੋਂ ਪੁਛੇ ਨਾ ਕੋਈ

ਇਕ ਜੋਬਨਾ ਬਲਾਵਾਂ ਜਿਹਾ ਉਹਦਾ
ਤੇ ਉਤੋਂ ਉਹਦੀ ਤੰਗ ਕੁੜਤੀ

ਚੰਨ ਪਿਆਰ ਵਾਲੀ ਨਦੀ ਵਿਚ ਵੜਕੇ
ਤੇ ਰੱਜ ਰੱਜ ਲਾਵੇ ਟੁਬੀਆਂ

ਚੰਨ ਲੁਕਦਾ ਪਹਾੜੀਆਂ ਦੇ ਉਹਲੇ
ਤੇ ਵਾਦੀ ਵਿਚ ਮੌਜਾਂ ਕਰਦਾ

ਸਾਡੇ ਕੰਨਾਂ ਵਿਚੋਂ ਸੇਕ ਪਿਆ ਨਿਕਲੇ
ਅਨਾਰਾਂ ਵਾਲੀ ਜੋੜੀ ਤੱਕ ਕੇ

ਸਾਨੂੰ ਸੀਨੇ ਨਾਲ਼ ਆਪਣੇ ਤੂੰ ਲਾ ਲੈ
ਤੇ ਸਾਡਾ ਜ਼ਰਾ ਮੱਚ ਮਾਰਦੇ

ਆਕੇ ਮਨ ਦੀ ਮੁਰਾਦ ਅੱਜ ਪਾ ਲੈ
ਕਿ ਘਰ ਵਿਚ ਅੱਜ ਕੋਈ ਨਹੀਂ

ਮੇਰੀ ਮਾਂ ਨੇ ਮੇਰਾ ਝਾਟਾ ਪੁਟ ਛੱਡਣਾਂ
ਤੇ ਬੱਸ ਮੈਨੂੰ ਹੁਣ ਜਾਣ ਦੇ

ਅੱਖਾਂ ਅੱਖਾਂ ਵਿਚ ਗੱਲ ਜਦੋਂ ਹੋ ਗਈ
ਤੇ ਦਿਲਾਂ ਨੂੰ ਸਰੂਰ ਆ ਗਿਆ

ਜਿਹਨਾਂ ਅੱਖੀਆਂ ਨੂੰ ਲੱਗੀਆਂ ਨੇਂ ਜੀਭਾਂ
ਸੁਨੇਹੇ ਦੇਣ ਸ਼ਹਿਦ ਵਰਗੇ

ਜਿਹਨੂੰ ਦਿਲ ਦੀਆਂ ਡੂੰਘਾਂ ਨਾਲ਼ ਮਿਲੀਏ
ਬਾਹਵਾਂ ਨੂੰ ਖਲ੍ਹਾਰ ਮਿਲੀਏ

ਇੱਕ ਹੱਥ ਵਿਚ ਮੇਰੇ ਉਹਦੀ ਗੜਵੀ
ਤੇ ਦੂਜੇ ਵਿਚ ਹੱਥ ਇਸ ਦਾ

ਉਹਦਾ ਵੇਖਕੇ ਬਦਨ ਦਿਲ ਕਰਦਾ
ਕਿ ਮੁੱਠੀ ਚਾਪੀ ਕਰਦਾ ਰਹਵਾਂ

ਰਾਤਾਂ ਕਾਲੀਆਂ ਚ ਬਾਲੇ ਉਹ ਮਸ਼ਾਲਾਂ
ਤੇ ਚਿੱਟੇ ਦਿਨ ਨ੍ਹੇਰ ਪਾ ਦਵੇ

ਪਹਿਲਾਂ ਲੱਭਿਆ ਠਿਕਾਣਾ ਉਹਨੇ ਵਧੀਆ
ਤੇ ਫ਼ਿਰ ਉਹਨੇ ਮੌਜਾਂ ਲੁੱਟੀਆਂ

ਗੋਰੀ ਨਾਲ਼ ਮੇਰੇ ਆਣ ਕੇ ਖਲੋਤੀ
ਤੇ ਵੈਰੀਆਂ ਨੂੰ ਮੌਤ ਪੈ ਗਈ

ਗੋਰਾ ਰੰਗ ਉਹਦਾ ਹੋਰ ਵੀ ਉਗੜ੍ਹੇ
ਉਹ ਲਾਵੇ ਜਦੋਂ ਕਾਲ਼ਾ ਚਸ਼ਮਾ

ਕਦੀ ਸਾਡੇ ਵੀ ਤੇ ਕਮ-ਸ਼ਮ ਆਵੋ
ਕਿ ਸਾਨੂੰ ਵੀ ਆਸਾਂ ਬੜੀਆਂ

ਜਦੋਂ ਆਈ ਉਹ ਪਟੋਲ੍ਹਾ ਬਣ-ਠਣ ਕੀਏ
ਤੇ ਮੇਰੇ ਵਿਚ ਜਿੰਨ ਆ ਗਿਆ

ਕੋਈ ਸ਼ਾਮ ਸਾਡੇ ਨਾਂ ਕਰ ਸੱਜਣਾਂ
ਅਸੀਂ ਵੀ ਸੀਨੇ ਠੰਡ ਪਾ ਲਈਏ

ਕੱਲੀ ਵੇਖਕੇ ਉਹ ਮੈਨੂੰ ਜਦੋਂ ਮਿਲਦਾ
ਤੇ ਜਾਂਦੀ ਵਾਰੀ ਮਾਰ ਸੁੱਟਦਾ

ਇਕ ਸੋਹਣੀ ਜਿਹੀ ਗੱਡੀ ਚ ਬਿਠਾ ਕੇ
ਤੇ ਮਾਹੀਏ ਲੰਮਾਂ ਰੂਟ ਫੜਿਆ

ਖਿੜੇ ਫੁੱਲਾਂ ਵਾਲੀ ਡਾਲ਼ੀ ਜਦੋਂ ਲੱਚਕੀ
ਨਿਗਾਹਵਾਂ ਨੇ ਧਮਾਲ ਪਾ ਲਈ

ਮਾਹੀਆ ਖੋਲ ਜ਼ਰਾ ਬਾਹਵਾਂ ਦਾ ਵਲੇਵਾਂ
ਮੈਂ ਸੀਨੇ ਉਤੇ ਸਿਰ ਰਖਨਾ ਐਂ

ਸੋਹਣੇ ਯਾਰ ਦੇ ਵਿਸਾਲ ਵਾਲਾ ਪੈਂਡਾ
ਕਰਾਚੀ ਤੋਂ ਲਹੌਰ ਜਿਨਾਂ ਏ

ਕਿਵੇਂ ਮਾਪਿਆਂ ਦੇ ਕੰਨਾਂ ਵਿਚ ਪਾਵਾਂ
ਕਿ ਦਿਲ ਤੇਰਾ ਸਾਥ ਮੰਗਦਾ ਏ

ਕੈਦੀ ਅਪਣਾ ਬਣਾ ਕੇ ਤੈਨੂੰ ਰੱਖਣਾ
ਵੇ ਹੀਰਿਆ, ਵੇ ਚੰਨ ਸੱਜਣਾਂ

ਸੋਹਣੇ ਯਾਰ ਦੇ ਨਜ਼ਾਰਿਆਂ ਦੇ ਗਜਰੇ
ਕਲਾਈਆਂ ਵਿਚ ਰਹਿੰਦੇ ਸੱਜਰੇ

ਮੇਰੀ ਫੁਫੀ ਦਯਾ ਪੱਤਰਾ, ਵੇ ਝੱਲਿਆ
ਵੇ ਮੂੰਹੋਂ ਕੁੱਝ ਬੋਲ ਤੇ ਸਹੀ

ਤੱਕੋ ਨਬਜ਼ ਹਕੀਮ ਜੀ ਮੇਰੀ
ਤੇ ਦੱਸੋ ਕਿ ਮੈਂ ਕਦੋਂ ਮਰਨਾਂ?

ਸਦਾ ਮਿਲਦੇ ਉਹ ਵਿਚ ਤਕਰੀਬਾਂ
ਤੇ ਕਲਿਆਂ ਵੀ ਕਦੇ ਤੇ ਮਿਲੋ

ਗ਼ੁੱਸਾ ਅਪਣਾ ਮੁਕਾ ਲੈ ਵੇ ਮਸੇਰਾ
ਤੇ ਸੀਨੇ ਲਾ ਕੇ ਮਾਫ਼ ਕਰਦੇ

ਸੋਹਣਾ ਮੁੱਖ ਉਹਦਾ ਤੇ ਗੱਲ੍ਹਾਂ ਵਿਚ ਟੋਏ
ਤੇ ਸੱਭ ਉਹਨੂੰ ਰੱਜ ਤੱਕਦੇ

ਉਹਨੂੰ ਸੋਚਾਂ ਤੇ ਬਦਨ ਮੇਰਾ ਮਹਿਕੇ
ਮੈਂ ਇਤਰਾਂ ਨੂੰ ਕੀ ਕਰਨਾ

ਸੋਹਣੇ ਯਾਰ ਨੇ ਸੁਣਾਈ ਐਸੀ ਬੋਲੀ
ਕਿ ਸੀਨੇ ਵਿਚ ਠੰਡ ਪੈ ਗਈ

ਹੋਈਆਂ ਕੱਠੀਆਂ ਜਦੋਂ ਮੁਟਿਆਰਾਂ
ਤੇ ਫੁੱਲਾਂ ਦੀ ਦੁਕਾਨ ਸੱਜ ਗਈ

ਜਦੋਂ ਵੇਖੀ ਇਕ ਰੰਗਲੀ ਹਵੇਲੀ
ਤ੍ਰਿੰਜਣਾਂ ਦੀ ਯਾਦ ਆ ਗਈ

ਰਲ ਬੈਠਿਆਂ ਹਵੇਲੀ ਵਿਚ ਸੱਖੀਆਂ
ਤੇ ਫ਼ਿਰ ਉਨ੍ਹਾਂ ਗਿੱਧਾ ਪਾ ਲਿਆ

ਕਿਸੇ ਜ਼ਰਾ ਜਿਨਾਂ ''ਠਾਹ'' ਜਦੋਂ ਕੀਤਾ
ਤੇ ਪੰਛੀਆਂ ਉਡਾਰੀ ਭਰ ਲਈ

ਇਕ ਨਵੀਂ ਈ ਉਡਾਰੀ ਗੋਰੀ ਭਰ ਦੀ
ਉਹ ਜਦੋਂ ਪਹਿਲਾ ਪਿਆਰ ਕਰਦੀ

ਮਿੱਠੇ ਮਿੱਠੇ ਉਹ ਸੁਣਾਈ ਜਾਵੇ ਗਾਣੇ
ਤੇ ਨਾਲੇ ਮੈਨੂੰ ਮਾਰੇ ਸੈਂਤਾਂ

ਸੋਹਣਾ ਯਾਰ ਏ ਬੜਾ ਮਨ-ਮੋਹਣਾ
ਕਲੇਜੇ ਉਤੇ ਮਾਰੇ ਛੁਰੀਆਂ

ਅੱਜ ਆਇਆਂ ਐਂ ਤੇ ਜਾਣ ਨਹੀਓਂ ਦੇਣਾ
ਤੂੰ ਲਾ ਲੈ ਭਾਵੇਂ ਜ਼ੋਰ ਅਪਣਾ

ਜਿਹੜੇ ਵੰਡਦੇ ਨੇਂ ਸਦਾ ਖ਼ੁਸ਼ਬੂਵਾਂ
ਉਹ ਆਪੋਂ ਵੀ ਤੇ ਰਹਿੰਦੇ ਖਿੜਦੇ

ਕਿਤੇ ਬੋਹੜਾਂ, ਕਿਤੇ ਪਿੱਪਲਾਂ ਦੀ ਛਾਂ ਐਂ
ਇਹ ਪਿੰਡ ਸਾਡੇ ਬਾਗ਼ਾਂ ਵਰਗੇ

ਕਿਤੇ ਟਾਲ੍ਹੀਆਂ ਤੇ ਕਿਤੇ ਨੀਂ ਧਰੇਕਾਂ
ਘਰਾਂ ਦੇ ਵੇਹੜੇ ਛਾਵਾਂ ਵੰਡਦੇ

ਉੱਚਾ ਸ਼ਿਮਲਾ ਤੇ ਡਾਂਗ ਚਮਕੀਲੀ
ਵੇ ਮਾਹੀਆ ਤੇਰਾ ਜੋੜ ਕੋਈ ਨਾਂ

ਹੱਥ ਫੜ ਮੇਰਾ ਜ਼ਰਾ ਚੰਨ ਸੱਜਣਾਂ
ਤੇ ਰਗਾਂ ਵਿਚ ਨਸ਼ਾ ਭਰ ਦੇ

ਕੋਈ ਬਾਬੂ-ਸ਼ਾਬੂ ਬਣ ਪਹਿਲਾਂ ਸੱਜਣਾਂ
ਤੇ ਫ਼ਿਰ ਮੇਰਾ ਹੱਥ ਮੰਗ ਲਈਂ

ਚੰਨ ਚੌਧਵੀਂ ਦਾ ਰੁੱਤ ਮਸਤਾਨੀ
ਤੇ ਆਜਾ ਰੱਲ ਮੌਜਾਂ ਕਰੀਏ

ਗੋਰੇ ਰੰਗ ਤੇ ਇਹ ਮਾਣ ਤੈਨੂੰ ਸੱਜਦਾ
ਤੂੰ ਕਰੀ ਜਾ ਗ਼ਰੂਰ ਸੋਹਣੀਏ

ਉੱਚੀ ਅੱਡੀ ਵਾਲੀ ਜੁੱਤੀ ਉਹਨੂੰ ਸੱਜਦੀ
ਉਤੋਂ ਉਹਦੀ ਚਾਲ ਵੱਖਰੀ

ਬਾਹਵਾਂ ਚੁੱਕ ਕੇ ਤੇ ਲਈ ਅੰਗੜਾਈ
ਤੇ ਕਿਸੇ ਉਹਦੀ ਫ਼ੋਟੋ ਖਿੱਚ ਲਈ

ਕਿਵੇਂ ਦੱਸਾਂ ਕਿੰਨੀ ਚੰਗੀ ਮੈਨੂੰ ਲਗਦੀ
ਜਦੋਂ ਉਹ ਸੌਰੀ ਆਖਦੀ

ਕਿਸੇ ਜਾਦੂ ਜਿਹਾ ਐਸਾ ਅੱਜ ਕੀਤਾ
ਕਿ ਸਾਰਾ ਦਿਨ ਸੌਂ ਕੇ ਲੰਘਿਆ

ਨੀਵੀਂ ਪਾ ਕੇ ਹੁਣ ਕਿੰਨੀ ਦੇਰ ਬਿਹਸੋ
ਤੇ ਦੂਜੀ ਵਾਰੀ ਕਦੋਂ ਤੱਕਸੋ?

ਮੈਨੂੰ ਕੰਨਾਂ ਦੀਆਂ ਵਾਲੀਆਂ ਘੜ੍ਹਾਦੇ
ਕਿ ਇਹਨਾਂ ਦੀ ਵੀ ਈਦ ਹੋ ਜਾਵੇ

ਸਹੀਆਂ ਜਿਹਨਾਂ ਨੇ ਵਿਛੋੜੇ ਦੀਆਂ ਪੀੜਾਂ
ਵਸਾਲਾਂ ਦਾ ਸੁਆਦ ਜਾਣਦੇ

ਘੂਰੀ ਪਾਅ ਕੇ ਨਾ ਤੱਕ ਸਾਨੂੰ ਅੜਿਆ
ਅਸੀਂ ਜੇ ਤੇਰੇ ਬੂਹੇ ਆ ਗਏ

ਉਹਦੀ ਗੱਲ ਦਾ ਸਵਾਦ ਬੜਾ ਆਂਉਂਦਾ
ਉਹ ਐਸੀ ਪਿਆਰੀ ਗੱਲ ਕਰਦੀ

ਤੇਰੀ ਕਿਸਰਾਂ ਮੈਂ ਗੱਲ ਮਨਾਂ ਸੱਜਣਾਂ
ਅਨੋਖੀਆਂ ਨੇਂ ਗੱਲਾਂ ਤੇਰੀਆਂ

ਟੈਂਕੀ ਗੱਡੀ ਦੀ ਮੈਂ ਫੁੱਲ ਕਰਵਾ ਲਈ
ਤੇ ਆ ਜਾ ਲੰਮੇ ਰੂਟ ਫੜੀਏ

ਜਦੋਂ ਦਿਲ ਵਾਲੇ ਪੈਂਡੇ ਅਸੀਂ ਟੁਰ ਪਏ
ਤੇ ਨਵੇਂ ਨਵੇਂ ਰਾਹ ਲੱਭ ਪਏ

ਉਹ ਤੇ ਬਸਤੀ ਸੀ ਵੈਰੀਆਂ ਦੀ ਬਸਤੀ
ਕਿ ਜਿਥੇ ਸਾਨੂੰ ਯਾਰ ਲੱਭਿਆ

ਰੋਗ ਪਾਲੇ ਅਸਾਂ ਆਪੋਂ ਦਿਲ ਵਾਲੇ
ਤੇ ਸਾਡਾ ਕੀਹਨੇ ਦਾਰੂ ਕਰਨਾਂ

ਜੇ ਤੋਂ ਸੱਖਣੀ ਐਂ ਮੈਥੋਂ ਈਚੀ-ਬੀਚੀ
ਤੇ ਆਜਾ ਹੱਥ ਸਿੱਧਾ ਕਰ ਲੀਏ

ਬੂਹਾ ਦਿਲ ਦਾ ਕਦੀ ਜੇ ਬੰਦ ਹੋਵੇ
ਤੇ ਫ਼ਿਰ ਵੀ ਨਜ਼ਾਰੇ ਦਿਸਦੇ

ਮਾਹੀਆ ਜਿਹੜੀਆਂ ਨਿਗਾਹਵਾਂ ਨਾਲ਼ ਤੱਕਦਾ
ਉਹ ਵੇਖਿਆ ਨਾ ਜਾਵੇ ਸਖੀਉ

ਜਿੰਨੀ ਜਗ੍ਹਾ ਤੇਰੇ ਦਿਲ ਵਿਚ ਮੇਰੀ
ਹਯਾਤੀ ਮੇਰੀ ਬੱਸ ਓਨੀ ਐਂ

ਭੈੜੇ ਲੋਕਾਂ ਜਿਹੀਆਂ ਅੱਖੀਆਂ ਨੇਂ ਤੇਰੀਆਂ
ਇਸ਼ਾਰੇ ਤੇਰੇ ਗ਼ੁੰਡਿਆਂ ਜਿਹੇ

ਐਵੇਂ ਲੋਕੀ ਭੈੜੇ ਸ਼ੱਕ ਪਏ ਕਰਦੇ
ਸ਼ਰਾਰਤਾਂ ਨਾ ਕਰ ਸੱਜਣਾਂ

ਜੋ ਵੀ ਕਹਿਣਾ ਐਂ ਉਹ ਸਾਫ਼ ਮੈਨੂੰ ਕਹਿ ਦੇ
ਭੁਲੇਖਿਆਂ ਚ ਰੱਖੀਂ ਨਾ ਕਦੀ

ਅਸਾਂ ਕੀਤਾ ਏ ਯਕੀਨ ਤੇਰੀ ਗੱਲ ਦਾ
ਭੁਲੇਖੇ ਵਿਚ ਸਾਨੂੰ ਨਾ ਰੱਖੀਂ

ਸਾਡੇ ਸੋਹਣਿਆਂ ਦਾ ਰਸਤਾ ਨਾ ਰੋਕੀਂ
ਤੇ ਹੌਲੀ ਹੌਲੀ ਵੱਸ ਬਦਲਾ

ਧੱਕੇ ਮਾਰ ਲੈ ਤੂੰ ਲੱਖ ਮੈਨੂੰ ਸੱਜਣਾਂ
ਦੁਆਰਾ ਤੇਰਾ ਨਹੀਓਂ ਛੱਡਣਾਂ

ਐਡੀ ਕਾਲ੍ਹੀ ਕਾਹਦੀ ਤੈਨੂੰ ਮੇਰੇ ਸੱਜਣਾਂ
ਖਲੋ ਜਾ ਮੇਰੀ ਗੱਲ ਸੁਣ ਜਾ

ਆ ਜਾ ਐਧਰੋਂ ਵੀ ਕਦੀ ਸਜਨਾਂ
ਸਜਾਈ ਬੈਠੇ ਰਾਹਵਾਂ ਤੇਰੀਆਂ

ਗਲੀ ਸੱਜਣਾਂ ਦੀ ਵੰਡੇ ਖ਼ੁਸ਼ਬੂਵਾਂ
ਗੁਲਾਬ ਦੀ ਕਿਆਰੀ ਵਰਗੀ

ਮਾਹੀਆ ਕਿਹੜੇ ਵੇਲੇ ਮਿਲਣੇ ਤੂੰ ਆਉਣਾ
ਤੇ ਦੱਸ ਮੈਂ ਵਿਛਾਵਾਂ ਅੱਖੀਆਂ

ਤੇਰੀ ਗਲੀ ਚ ਜੇ ਆ ਗਏ ਭੁੱਲ ਕੇ
ਨਾ ਸਾਨੂੰ ਐਵੇਂ ਮਾਰ ਬੋਲੀਆਂ

ਉਹਨੂੰ ਵੇਖੀਆਂ ਈ ਬੁੱਤ ਸਾਰੇ ਬਣਦੇ
ਕਿ ਹੁਸਨ ਉਹਦਾ ਐਸਾ ਭਰਵਾਂ

ਉਹਦੇ ਮੋਢੇ ਨਲ਼ ਜਗ੍ਹਾ ਮੈਨੂੰ ਮਿਲ ਗਈ
ਗਰੁੱਪ ਫ਼ੋਟੋ ਐਸੀ ਬਣ ਗਈ

ਸਾਰੀ ਅੱਗ ਉਹਦੇ ਹੁਸਨ ਨੇ ਲਾਈ
ਨਿਗਾਹਵਾਂ ਦਾ ਕਸੂਰ ਕੋਈ ਨਾ

ਤੇਰੇ ਗੈਸੂਵਾਂ ਨੂੰ ਪਿਆਰ ਨਲ਼ ਛੂ ਕੇ
ਹਵਾਵਾਂ ਮਜ਼ੇਦਾਰ ਹੋ ਗਈਆਂ

ਸਾਨੂੰ ਇਸ਼ਕਾ! ਤੂੰ ਕਾਹਨੂੰ ਇੰਜ ਡੰਗਿਆ
ਕਰਾਂ ਮੈਂ ਤੇਰੇ ਸੌ, ਡੱਕਰੇ

ਰੋਗ ਲਾਏ ਇਸੇ ਇਸ਼ਕ ਅਵੱਲੜੇ
ਨਾ ਮੇਰੇ ਪੱਲੇ ਕੱਖ ਛੱਡਿਆ

ਪੈਰੀਂ ਝਾਂਜਰਾਂ ਛਣਕਦੀਆਂ ਸੱਜਣਾਂ
ਜਦੋਂ ਮੈਂ ਤੇਰੀ ਗਲੀ ਗੁਜ਼ਰਾਂ

ਦਿਲ ਧੱਕ ਧੱਕ ਕਰਦਾ ਜਾਵੇ
ਜਦੋਂ ਉਹ ਮੈਨੂੰ ਘੂਰ ਕੇ ਤੱਕੇ

ਚੰਨ ਬਦਲੀ ਦੇ ਉਹਲਿਓ ਝਾਂਕੇ
ਤੇ ਦਿਲ ਧੱਕ ਧੱਕ ਧੜੱਕੇ

ਮਾਹੀ ਰੁੱਸਿਆ ਤੇ ਜਿੰਦ ਮੇਰੀ ਡੋਲੇ
ਮੈਂ ਕਿਸਰਾਂ ਮਨਾਵਾਂ ਚੰਨ ਨੂੰ

ਅੱਜ ਮਾਹੀਏ ਨੂੰ ਮੈਂ ਓਲ੍ਹੇ ਹੋ ਕੇ ਤੱਕਿਆ
ਤੇ ਵਿਚੋਂ ਵਿਚ ਡਰਦੀ ਰਹੀ

ਗਿਲੇ ਸ਼ਿਕਵੇ ਭੁਲਾਦੇ ਅੱਜ ਸਾਰੇ
ਇਹ ਵੇਲ਼ਾ ਨਹੀਂ ਗਵਾਣਾ ਸੱਜਣਾਂ

ਮਾਹੀਆ ਤੱਕ ਮੇਰੇ ਨੱਕ ਵਾਲੀ ਨਥਲੀ
ਇਹ ਤੈਨੂੰ ਕੀ ਇਸ਼ਾਰੇ ਕਰਦੀ

ਟਿੱਕਾ ਸੋਨੇ ਦਾ ਮੱਥੇ ਤੇ ਮੇਰੇ ਝੂਲੇ
ਤੇ ਝੁਮਕੇ ਕਲੇਲਾਂ ਕਰਦੇ

ਵੰਗਾਂ ਵੀਣੀ ਵਿਚ ਛਣਕਣ ਢੋਲਾ
ਪਜੇਬਾਂ ਪੈਰੀਂ ਪਾਨ ਜਲੀਆਂ

ਅੱਖਾਂ ਉਹਦੀਆਂ ਨੇਂ ਮਧ ਭਰੇ ਪਿਆਲੇ
ਤੇ ਬੁਲ੍ਹ ਉਹਦੇ ਫੁੱਲਾਂ ਵਰਗੇ

''ਬੇਬੀ ਡੋਲ'' ਜਿਹੇ ਨੇਂ ਅੰਗ ਉਹਦੇ ਸਾਰੇ
ਉਹ ਨੱਚੇ ਤੇ ਕਮਾਲ ਕਰਦੀ

ਮੈਨੂੰ ਰੱਖ ਲੈ ਤੂੰ ਕਣਕਾਂ ਦੀ ਰਾਖੀ
ਕਿ ਐਸੇ ਭਾਣੇ ਮਿਲਦੇ ਰਹੀਏ

ਤੈਨੂੰ ਦਿਲ ਜੇ ਮੈਂ ਦੇ ਦਿੱਤਾ ਸੱਜਣਾਂ
ਤੇ ਕੋਈ ਵੱਲ ਛੱਲ ਨਾ ਕਰੀਂ

ਕਦੀ ਅੱਖ ਮਾਰੇ ਕਦੀ ਮਾਰੇ ਸੀਟੀ
ਉਹ ਜ਼ਰਾ ਨਹੀਂ ਖ਼ਿਆਲ ਕਰਦਾ

ਹੋਇਆ ਦਿਲ ਤੇ ਸਵਾਰ ਐਸਾ ਚੰਦਰਾ
ਭੁਲਾਈਏ ਵੀ ਤੇ ਨਹੀਂ ਭੁੱਲਦਾ

ਅੱਜ ਸੋਹਣਿਆਂ ਨੇ ਘਰ ਸਾਡੇ ਆਉਣਾ
ਸਜਾਵਟਾਂ ਚ ਰੁਝੇ ਹੋਏ ਆਂ

ਬੂਹਾ ਯਾਦਾਂ ਵਾਲਾ ਕੀਹਨੇ ਖੜਕਾਇਆ
ਕਿ ਧੱਕ ਧੱਕ ਦਿਲ ਧੜੱਕੇ

ਗੋਰੀ ਪਾ ਕੇ ਪਜੇਬਾਂ ਜਦੋਂ ਨੱਚਦੀ
ਤੇ ਵੇਹੜਾ ਛੱਨ ਛੱਨ ਕਰਦਾ

ਸ਼ਾਲਾ ਫੁੱਲਾਂ ਵਾਂਗੂੰ ਜਿੰਦ ਉਹਦੀ ਮਹਿਕੇ
ਪਵਾਏ ਜਿਹਨੇ ਤਾਜ਼ੇ ਗਜਰੇ

ਉਹਨੂੰ ਮਿਲਣਾ ਤੇ ਜ਼ਰਾ ਵੀ ਨਹੀਂ ਝੱਕਣਾ
ਬਥੇਰਾ ਅਸੀ ਵੱਖ ਰਹਿ ਲਿਆ

ਬੜਾ ਧੀਮਾ ਐਂ ਮਿਜ਼ਾਜ ਤੇਰਾ ਯਾਰਾ
ਹਜ਼ਾਰਾਂ ਦੇ ਤੋਂ ਦਿਲ ਜਿੱਤ ਲਏ

ਲੱਕ ਪਤਲਾ ਕੁੜੀ ਦਾ ਜਦੋਂ ਡੋਲੇ
ਤੇ ਮੁੰਡਿਆਂ ਦੇ ਸਾਹ ਰੁਕਦੇ

ਸੋਣ ਭਾਦਰੋਂ ਦੇ ਮੀਂਹ ਜਦੋਂ ਵਰਹਦੇ
ਤੇ ਸੀਨਿਆਂ ਚ ਠੰਢਾਂ ਪੈਂਦੀਆਂ

ਡਾਢੀ ਗਰਮੀ ਚ ਆਏ ਹੋਏ ਬੱਦਲੋ
ਤੇ ਜੱਲ ਥੱਲ ਕਰ ਦਿਉ

ਮੁੰਡੇ ਵੇਖਦੇ ਤੇ ਅਸ਼ ਅਸ਼ ਕਰਦੇ
ਸਵਾਣੀ ਜਿਵੇਂ ਗੰਨਾ ਚੂਪਦੀ

ਲੰਮੀ ਗੁੱਤ ਉਹਦੀ ਜਦੋਂ ਲਹਿਰਾਂਦੀ
ਤੇ ਲਗਦੀ ਏ ਕੋਈ ਸੱਪਣੀ

ਏਡਾ ਸੌਖਾ ਨਹੀਂ ਬਲਾਵਾਂ ਨਾਲ਼ ਲੜਨਾ
ਕਿ ਉਨ੍ਹਾਂ ਦੀਆਂ ਘਾਤਾਂ ਡਾਢੀਆਂ

ਮੇਰਾ ਯਾਰ ਸਾਰੇ ਜੱਗ ਤੋਂ ਏ ਸੋਹਣਾ
ਮੁਕਾਬਲੇ ਦੀ ਲੋੜ ਕੋਈ ਨਹੀਂ

ਐਵੇਂ ਸੋਹਣਿਆਂ ਦੇ ਪਿੱਛੇ ਪਿੱਛੇ ਫਿਰਦੇ
ਤੇ ਆਸ਼ਿਕਾਂ ਦਾ ਹਾਲ ਕੋਈ ਨਾਂ

ਮਿਹਰਬਾਨੀ ਜਿਹੜੀ ਤੁਹਾਡੇ ਵੱਲੋਂ ਹੋਈ
ਭੁਲਾਣ ਵਾਲੀ ਗੱਲ ਤੇ ਨਹੀਂ

ਕੰਧਾਂ ਨੀਵੀਆਂ ਨੇਂ, ਨਾਲ਼ ਨੇਂ ਗੁਆਂਢੀ
ਵੇ ਹੌਲੀ ਹੌਲੀ ਬੋਲ ਸੱਜਣਾਂ

ਤੁਹਾਡੇ ‘‘ਸੋਹਣ’’ ਦੀ ਮਿਸਾਲ ਨਾ ਕੋਈ
ਕਿ ਤੁਹਾਡੇ ਜਿਹਾ ਸੋਹਣਾ ਕੋਈ ਨਾ!

ਤੈਨੂੰ ਸਾਡੇ ਵੱਲੋਂ ਖੁੱਲੀਆਂ ਨੇਂ ਛੂਟਾਂ
ਮਨਾ ਲੈ ਅੱਜ ਮੌਜਾਂ ਸੱਜਣਾਂ

ਜਿਹੜੇ ਦਿਲਾਂ ਦੇ ਕਬੀਲਿਆਂ ਚ ਪਲਦੇ
ਮੁਹੱਬਤਾਂ ਦਾ ਮਾਣ ਰੱਖਦੇ

ਗੱਲ ਸੁਣ ਮੇਰੀ ਮਾਸੀ ਦਿਆ ਪੁਤਰਾ
ਵੇ ਪਿਆਰ ਵਾਲੀ ਗੱਲ ਕਰ ਲੈ

ਜੇ ਤੂੰ ਪਿਆਰ ਵਾਲੀ ਗੱਲ ਨਹੀਂ ਕੋਈ ਕਰਨੀ
ਕਚੱਜੀ ਕੋਈ ਗੱਲ ਨਾ ਕਰੀਂ

ਸਾਲਾਂ ਬਾਦੋਂ ਆਇਆ ਮਿਲਣੇ ਦਾ ਵੇਲਾ
ਵੇ ਮਾਹੀਆ ਆਜਾ ਲੇਟਾਂ ਕੱਢ ਲੀਏ

ਅਜੇ ਐਸਾ ਚਿੱਤ ਚੇਤਾ ਨਹੀਂ ਸੀ ਕੋਈ
ਤੇ ਝੱਟ ਪੱਟ ਹੋ ਗਈ ਮੰਗਣੀ

ਅਸੀਂ ਤਕਨੇ ਆਂ ਜਦੋਂ ਸੋਹਣੇ ਚੰਨ ਨੂੰ
ਤੇ ਸਾਨੂੰ ਤੇਰਾ ਮੁੱਖ ਦਿਸਦਾ

ਉਹਨੇ ਹੱਸ ਕੇ ਤੇ ਅੱਖ ਇੰਜ ਮਾਰੀ
ਕਿ ਮੇਰੇ ਤੇ ਪਸੀਨੇ ਛੁੱਟ ਗਏ

ਉਹਦੇ ਨੇੜੇ ਹੋ ਕੇ ਜਦੋਂ ਮੈਂ ਖਲੋਵਾਂ
ਤੇ ਸੀਨੇ ਵਿਚ ਅੱਗ ਬਲਦੀ

ਜਦੋਂ ਘੁੱਟ ਕੇ ਉਹ ਵੀਣੀ ਮੇਰੀ ਫੜਦਾ
ਤੇ ਲਗਦਾ ਕਿ ਵਹਿਸ਼ੀ ਹੋ ਗਿਆ

ਮੇਰਾ ਹੱਥ ਜਦੋਂ ਉਹਨੂੰ ਕਦੀ ਛੂਏ
ਤੇ ਕੰਨਾਂ ਵਿਚੋਂ ਧੂੰਵਾਂ ਨਿਕਲੇ

ਉਹਨੇ ਪਿਆਰ ਵਾਲੇ ਬੋਲ ਜਦੋਂ ਬੋਲੇ
ਤੇ ਮੇਰੀ ਓਥੇ ਮੱਤ ਵੱਜ ਗਈ

ਉਹਨੇ ਇਹੋ ਜਿਹਾ ਵਾਕਿਆ ਸੁਣਾਇਆ
ਕਿ ਮੱਥੇ ਤੇ ਪਸੀਨਾ ਆ ਗਿਆ

ਉਹਨੇ ਇਹੋ ਜਿਹੇ ਇਸ਼ਾਰੇ ਕੁਝ ਕੀਤੇ
ਕਿ ਰੌਂਗਟੇ ਖਲੋ ਗਏ ਸਭ ਦੇ

ਉਹਨੇ ਇਹੋ ਜਿਹਾਂ ਗੱਲਾਂ ਮੈਨੂੰ ਦੱਸੀਆਂ
ਕਿ ਸਾਹ ਲੈਣਾਂ ਔਖਾ ਹੋ ਗਿਆ

ਦੋਵੇਂ ਬੈਠੇ ਅਸੀਂ ਇੱਡੇ ਸੋਹਣੇ ਲਗਦੇ
ਕਿ ਜਿਵੇਂ ਜੋੜੀ ਹੰਸਾਂ ਦੀ

ਉਹਦੇ ਸਾਹਵਾਂ ਵਿਚ ਸਾਹ ਜਦੋਂ ਪਾਏ
ਕਲੇਜੇ ਵਿਚ ਧੂਣੀ ਧੁਖ ਪਈ

ਅੱਗ ਸੀਨੇ ਦੀ ਉਲਾਹਮੇ ਪਈ ਦੇਵੇ
ਕਿ ਅੱਜ ਇਹਦਾ ਮੱਚ ਮਾਰਦੇ

ਲਕ ਪਤਲਾ ਏ ਹਰੀ ਟਹਿਣੀ ਵਰਗਾ
ਤੇ ਮੁਖੜਾ ਗੁਲਾਬ ਵਰਗਾ

ਐਵੇਂ ਕਰ ਨਾ ਸ਼ਰਾਰਤਾਂ ਤੂੰ ਅੜਿਆ
ਤੇ ਮੈਥੋਂ ਕੁਝ ਸੁਣ ਨਾ ਲਵੀਂ

ਵੇਖੀਂ ਕਾਲ੍ਹੀਆਂ ਨਾ ਕਰੀਂ ਚੰਨ ਸੱਜਣਾਂ
ਵੇ ਹੌਲੀ ਹੌਲੀ ਅਗਾਂਹ ਤੂੰ ਵਧੀਂ

ਬੜੇ ਚਿਰਾਂ ਪਿੱਛੋਂ ਮਿਲਿਆ ਏ ਮੌਕਾ
ਤੇ ਆਜਾ ਰੱਜ ਗੱਲਾਂ ਕਰੀਏ

ਤੇਰੇ ਸੀਨੇ ਨਾਲ਼ ਲੱਗਣਾ ਏ ਸੱਜਣਾਂ
ਤੇ ਚੱਲ ਜ਼ਰਾ ਗੱਡੀ ਰੋਕ ਲੈ

ਜਦੋਂ ਸੁਫ਼ਨੇ ਚ ਆਵੇ ਬੱਣ ਠੱਣ ਕੇ
ਮੁਰਾਦਾਂ ਸਭੇ ਕਰੇ ਪੂਰੀਆਂ

ਤੈਨੂੰ ਕਿਵੇਂ ਇਨਕਾਰ ਕਰਾਂ, ਸੋਚਾਂ
ਤੂੰ ਐਡੀ ਵੱਡੀ ਚੀਜ਼ ਮੰਗ ਲਈ

ਐਸੀ ਨਜ਼ਰਾਂ ਦੇ ਨਾ.ਲ ਉਹਨੇ ਤੱਕਿਆ
ਸਕਿੰਟ ਵਿਚ ਬੋਲੀ ਹੋ ਗਈ

ਕੋਹਣੀ ਮਾਰਕੇ ਉਹ ਕਹਿੰਦੀ ਜ਼ਰਾ ਤੱਕਣਾ
ਜੇ ਵੇਖਾਂ ਤੇ ਉਹ ਅੱਖ ਮਾਰਦੀ

ਮੇਰੇ ਸਾਹਮਣੇ ਉਹ ਆਕੇ ਖਲੋਵੇ
ਤੇ ਵੇਖੇ ਫ਼ਿਰ ਸੀਨਾ ਤਾਣ ਕੇ

ਜਦੋਂ ਚੰਨ ਜਿਹਾ ਕਹਿੰਦਾ ਮੈਨੂੰ ਮਾਹੀਆ
ਤੇ ਮੁੱਖ ਮੇਰਾ ਲਾਟਾਂ ਮਾਰਦਾ

ਖੁੱਲੇ ਵਾਲਾਂ ਨਾ.ਲ ਉਹ ਬਨੇਰੇ
ਤੇ ਬੱਦਲਾਂ ਚ ਚੰਨ ਤੱਕਿਆ

ਖੁੱਲੇ ਵਾਲਾਂ ਵਿਚ ਮੁੱਖ ਉਹਦਾ ਤੱਕਿਆ
ਕਿ ਚਿੰਨ ਜਿਵੇਂ ਮਾਰੇ ਚਮਕਾਂ

ਚੰਗੇ ਲਗਦੇ ਨੇਂ ਵੱਲ ਛੱਲ ਉਹਦੇ
ਕਿ ਜਿਹਦੇ ਜਿਹਾ ਸਿੱਧਾ ਕੋਈ ਨਹੀਂ

ਗੱਲ ਪਿਆਰ ਦੀ ਜ਼ਰੂਰ ਜੇ ਤੂੰ ਸੁਣਨੀ
ਤੇ ਹੱਲਾ ਫ਼ੇਰ "ਆਈ ਲਵ ਯੂ"

ਕਿਸੇ ਇਹੋ ਜਿਹੀਆਂ ਬੋਲੀਆਂ ਸੁਣਾਈਆਂ
ਕਿ ਕੁੜੀਆਂ ਨੇਂ ਟਿਸ਼ੂ ਕੱਢ ਲਏ

ਕੁੜੀ ਟੁੱਟ ਪੈਣੀ ਬੜੀ ਖਚਰੋਲ ਏ
ਕਿ ਕਈਆਂ ਨਾਲ਼ ਯਾਰੀ ਉਸ ਦੀ

ਖੁੱਲੀ ਬੈਠੀ ਆਂ ਮੈਂ ਵਾਲੀ ਗਠੜੀ
ਉਡੀਕਾਂ ਦਿਲ ਫੂਕ ਛੱਡਿਆ

## ਅਲਮੀਆ ਰੋਮਾਨੀ ਬੋਲੀਆਂ

ਮੇਰੇ ਜਦੋਂ ਤੱਕ ਸਾਹ ਵਿਚ ਸਾਹ ਨੇਂ
ਉਡੀਕ ਤੇਰੀ ਨਹੀਓਂ ਮੁੱਕਣੀ

ਖੋਲੀ ਬੈਠੀ ਆਂ ਮੈਂ ਵਾਲੀ ਗਠੜੀ
ਉਡੀਕਾਂ ਦਿਲ ਫੂਕ ਛੱਡਿਆ

ਤੇਰੀ ਯਾਦ ਨੂੰ ਮੈਂ ਸੀਨੇ ਲਾ ਕੇ ਰੱਖਣਾਂ
ਤੇ ਸਦਾ ਤੇਰਾ ਨਾਂ ਜਪਣਾਂ

ਪਤਾ ਲੱਗਾ ਜਦੋਂ ਉਹਨੇ ਆਣਾਂ
ਇਰਾਦਿਆਂ ਤੇ ਓਸ ਪੈ ਗਈ

ਤੇਰੇ ਹਿਜਰ ਚ ਘੁੱਲਦੀ ਜਾਵੇ
ਮਲੂਕ ਜਿਹੀ ਇਹ ਮੇਰੀ ਜਿੰਦੜੀ

ਲਾਇਆ ਬੁੱਲ੍ਹਾਂ ਉਤੇ ਚੁੱਪ ਵਾਲਾ ਜਿੰਦਰਾ
ਤੇ ਚਾਬੀਆਂ ਗੁਆ ਛੱਡੀਆਂ

ਮਾਹੀਆ ਕਿਹਨਾਂ ਵਿਚ ਛੱਡ ਗਿਓਂ ਮੈਨੂੰ
ਨਨਾਣਾਂ ਮੈਨੂੰ ਕੋਹ ਛੱਡਿਆ

ਸਾਨੂੰ ਹਿਜਰ ਨੇ ਮਾਰ ਮੁਕਾਇਆ
ਸੁਣਾਈਏ ਕਿਹਨੂੰ ਹਾਲ ਅਪਣਾ

ਗੋਰੀ ਸੋਚਦੀ ਏ ਡੋਲੀ ਵਿਚ ਬਹਿਕੇ
ਇਹ ਮੇਰੇ ਨਾਲ਼ ਕੀ ਬਣੀਆਂ

ਲਾਡੋ ਮਾਪਿਆਂ ਦੇ ਘਰ ਚ ਸੀ ਸਭ ਦੀ
ਤੇ ਸੌਹਰਿਆਂ ਚ ਰੁਲਦੀ ਰਹੀ

ਮਾਹੀਆ ਵਾਸਤਾ ਈ ਤੈਨੂੰ ਤੇਰੇ ਦਿਲ ਦਾ
ਵੇ ਮੁੱਖ ਮੈਥੋਂ ਮੁੜੇਂ ਨਾ ਕਦੀ

ਤੇਰੇ ਲਾਰਿਆਂ ਤੇ ਫੂਕ ਸੁਟੀ ਜਿੰਦੜੀ
ਕਦੀ ਤੇ ਆ ਮਿਲ ਸਜਣਾਂ

ਜਿੰਦ ਮੇਰੀ ਸੀ ਗੁਲਾਬ ਜਿਹੀ ਸੱਜਰੀ
ਵਿਛੋੜਿਆਂ ਨੇਂ ਮਾਰ ਸੁੱਟਿਆ

ਜਿਹਨਾਂ ਆਉਣਾ ਸੀ ਉਹ ਅਜੇ ਨਹੀਂ ਆਏ
ਅਜੇ ਵੀ ਨਹੀਂ ਉਡੀਕਾਂ ਮੁੱਕੀਆਂ

ਤੇਰੇ ਬਾਝੋਂ ਨਹੀਓਂ ਚੰਗਾ ਕੁੱਝ ਲਗਦਾ
ਵਿਛੋੜੇ ਨੂੰ ਮੁਕਾ ਦੇ ਢੋਲਣਾਂ

ਮਾਹੀ ਰੁੱਸ ਕੇ ਤੇ ਮੈਨੂੰ ਕਲ਼ਪਾਵੇ
ਉਹ ਉਤੋਂ ਛੇਤੀ ਮੰਨਦਾ ਵੀ ਨਹੀਂ

ਕਾਲ਼ ਕੀਤੀ ਉਹਨੂੰ ਪੈਕਿਜ ਵਾਲੀ
ਤੇ ਰੱਜ ਕੇ ਸ਼ਕੈਤਾਂ ਲਾ ਲਈਆਂ

ਸਾਈਂ ਜਿਹਨਾਂ ਦੇ ਸਿਰਾਂ ਤੇ ਨਹੀਂ ਰਹਿੰਦੇ
ਉਹ ਕੱਖਾਂ ਤੋਂ ਵੀ ਹੋਲੇ ਜਾਪਦੇ

ਸਾਡੀ ਯਾਰੀ ਚ ਤ੍ਰੇੜਾਂ ਪਾ ਕੇ
ਮੁਖ਼ਾਲਫ਼ਾਂ ਨੇਂ ਮੌਜਾਂ ਮਾਣਿਆਂ

ਕੋਈ ਐਸਾ ਵੀ ਨਜੂਮੀ ਸਾਨੂੰ ਟੱਕਰੇ
ਸਿਤਾਰੇ ਸਾਡੇ ਸਿਦੱਹੇ ਕਰ ਦਏ

ਯਾਦ ਆਵੇ ਮਾਹੀ ਪਰਦੇਸੀ
ਤੇ ਸੀਨੇ ਵਿਚੋਂ ਹੂਕ ਉਠਦੀ

ਸੁਬ੍ਹਾ ਔਖੀ ਸੀ ਤੇ ਸ਼ਾਮ ਵੀ ਸੀ ਭਾਰੀ
ਤੇ ਕੱਲ੍ਹ ਬੜਾ ਭਾਰਾ ਦਿਨ ਸੀ

ਆਟਾ ਤਾਂਬੇ ਦੀ ਵਿਚ ਗੁਨਹਿਆਂ
ਕੁਨਾਲੀ ਦਾ ਸੁਆਦ ਖੁੱਸਿਆ

ਸਾਥੋਂ ਦੂਰ ਦੂਰ ਤੁਹਾਡਾ ਇੰਜ ਰਹਿਣਾ
ਕਲੇਜਾ ਸਾਡਾ ਚੀਰੀ ਰੱਖਦਾ

ਉਹਨੂੰ ਕਰਾਂ ਜਦੋਂ ਫ਼ੋਨ ਚਾਈਂ ਚਾਈਂ
ਤੇ ਫ਼ੋਨ ਉਹਦਾ ਬੰਦ ਮਿਲਦਾ

ਕਿਵੇਂ ਹਿਜਰ ਉੱਚ ਰੋਵੇ ਉਹ ਨਿਮਾਣੀ
ਕਿ ਭਰੇ ਘਰ ਵਿਚ ਵਸਦੀ

ਐਸਾ ਤੇਰੀਆਂ ਉਡੀਕਾਂ ਵਿਚ ਰੁਝ ਗਏ
ਨਮਾਜ਼ਾਂ ਵੀ ਕਜ਼ਾ ਹੋ ਗਈਆਂ

ਰਾਹਵਾਂ ਤੱਕਦੀ ਉਡੀਕਾਂ ਵਿਚ ਰੁਲ਼ ਗਈ
ਵਿਛੋੜਿਆਂ ਦੀ ਮਾਰੀ ਜਿੰਦੜੀ

ਡਾਢਾ ਔਖਾ ਹੁੰਦਾ ਇਸ਼ਕ ਨਿਭਾਉਣਾ
ਇਹ ਤਨ ਮਨ ਰੋਲ਼ ਸੁੱਟਦਾ

ਮਈ ਜੂਨ ਦੇ ਮਹੀਨਿਆਂ ਦੀ ਗਰਮੀ
ਵੇ ਮਾਹੀਆ ਸਾਡੀ ਜਾਨ ਕੱਢ ਗਈ

ਸੋਹਨੀ ਵਗਦੇ ਚਨ੍ਹਾਂ ਦੇ ਵਿਚ ਡੁੱਬ ਗਈ
ਤੇ ਥਲਾਂ ਵਿਚ ਸੱਸੀ ਮਰ ਗਈ

ਜਦੋਂ ਤੇਰੀਆਂ ਜੁਦਾਈਆਂ ਨੇ ਸਤਾਇਆ
ਦੁਆਵਾਂ ਲਈ ਮੈਂ ਹੱਥ ਚੁੱਕ ਲਏ

ਕਦੀ ਹੁੰਦਾ ਏ ਕੋਈ ਇਕ ਪਲ ਐਸਾ
ਕਿ ਜਿੰਦੜੀ ਨੂੰ ਰੋਲ਼ ਸੁੱਟਦਾ

ਕਿੰਨਾ ਚੰਗਾ ਸੀ ਉਹ ਯਾਰ ਮਰ ਜਾਣਾ
ਭੁਲਾਇਆਂ ਵੀ ਉਹ ਨਹੀਂ ਜੇ ਭੁੱਲਦਾ

ਪਹਿਲਾਂ ਪਿਆਰ ਦੇ ਖਿਡੌਣੇ ਨਾਲ਼ ਖੇਡੇ
ਤੇ ਫ਼ਿਰ ਉਹਦਾ ਦਿਲ ਤੋੜ ਦਏ

ਐਸਾ ਯਾਦਾਂ ਵਿਚ ਉਹਨੇ ਪਾਇਆ ਫੇਰਾ
ਕਿ ਕਈ ਮੇਰੇ ਕੰਮ ਰੁਕ ਗਏ

ਉਹਨੇ ਯਾਦਾਂ ਵਿਚ ਝਾਤੀ ਜਦੋਂ ਪਾਈ
ਇਬਾਦਤਾਂ ਚ ਖ਼ਲਲ ਆ ਗਿਆ

ਰੋਗ ਜਿੰਦੜੀ ਦੇ ਐਵੇਂ ਨਾ ਫਰਵੋਲੀਂ
ਕਿ ਤੇਰੇ ਦੁੱਖ ਕੀਹਨੇ ਸੁਣਨੇ

ਕਿੱਲੀ ਜਿੰਦੜੀ ਏ ਜਿਵੇਂ ਇੱਕ ਮਿਸਰਾ
ਤੇ ਸ਼ਿਅਰ ਕੋਈ ਪੂਰਾ ਕਰ ਦਏ

ਐਸਾ ਯਾਦਾਂ ਦਾ ਖਲ੍ਹਾਰ ਪਾ ਕੇ ਬਹਿ ਗਏ
ਸਮੇਟਣਾ ਅਜ਼ਾਬ ਹੋ ਗਿਆ

ਸ਼ਾਲਾ ਬੜੇ ਵਾਰੇ ਇਸ਼ਕ ਨਾ ਹੋਵੇ
ਬੁੜ੍ਹੀਪੇ ਨੂੰ ਇਹ ਰੋਲ਼ ਛੱਡਦਾ

ਜਿੰਦਰਾ ਗਈ ਏ ਠੋਕਰਾਂ ਜੋਗੀ
ਕਿਸੇ ਨੇ ਐਸਾ ਮੁੱਖ ਮੋੜਿਆ

ਖ਼ਤ ਭੇਜਣਾ ਐਂ ਉਹਨੂੰ ਆਣ ਦਾ
ਵਿਛੋੜਾ ਖ਼ੌਰੇ ਕਦੋਂ ਮੁੱਕਣਾਂ

ਕੋਈ ਚਿੱਲਾ ਨਾ ਵਜ਼ੀਫ਼ਾ ਕਮ ਆਇਆ
ਜੁਦਾਈਆਂ ਵਾਲੀ ਅੱਗ ਨਾ ਬੁਝੀ

ਪੱਤੇ ਟਹਿਣੀਆਂ ਤੋਂ ਕਿਰਦੇ ਤੇ ਲਗਦਾ
ਕਿ ਟੋਟੇ ਟੋਟੇ ਦਿਲ ਪਿਆ ਹੋਵੇ

ਉਹਨੂੰ ਗ਼ਜ਼ਲਾਂ ਦੇ ਰਾਹੀਂ ਕੁਝ ਕਹਿਣਾ
ਤੇ ਅੱਖਰਾਂ ਦਾ ਘਾਟਾ ਪੈ ਗਿਆ

ਖ਼ੋਰੇ ਕਿਹੜੀ ਰੁੱਤੇ ਪਿਆਰ ਮੈਨੂੰ ਡੰਗਿਆ
ਉਡੀਕਾਂ ਮੇਰੇ ਪੇਸ਼ ਪੈ ਗਈਆਂ

ਵੇ ਤੂੰ ਛੇਤੀ ਛੇਤੀ ਆ ਘਰ ਸਜਨਾਂ
ਕਿ ਸੁੰਜਾ ਵੇਹੜ੍ਹਾ ਡੰਗ ਮਾਰਦਾ

ਰੁੱਤ ਰੰਗਲੀ ਵੀ ਰੰਗਲੀ ਨਹੀਂ ਲਗਦੀ
ਜਦੋਂ ਦਾ ਸਾਡਾ ਯਾਰ ਰੁੱਸਿਆ

ਉਹਦੇ ਨਾਲ਼ ਬਹੁਤੀ ਯਾਰੀ ਨਹੀਂ ਸੀ ਮੇਰੀ
ਵਿਛੋੜਾ ਉਹਦਾ ਫ਼ਿਰ ਵੀ ਡਸੇ

ਹਾਵਾਂ, ਹੌਕੇ ਤੇ ਉਡੀਕਾਂ, ਜਗਰਾਤੇ
ਨਿਸ਼ਾਨੀਆਂ ਨੇਂ ਸੋਹਣਿਆਂ ਦੀਆਂ

ਕਿਹੜੇ ਦੁੱਖ ਦੀ ਦਵਾਈ ਨਹੀਓਂ ਲੱਭਦੀ
ਵਿਛੋੜੇ ਦਾ ਇਲਾਜ ਕੋਈ ਨਾ

ਦਿਲਾ! ਚੱਲ ਕਿਸੇ ਮੇਲੇ ਵਿਚ ਚਲੀਏ
ਉਦਾਸੀਆਂ ਦਾ ਹੱਲ ਲੱਭੀਏ

ਤੇਰੇ ਜ਼ੁਲਮਾਂ ਦੇ ਹੱਥੋਂ ਰੁਲ਼ ਗਈ ਏ
ਇਹ ਸੋਹਲ ਤੇ ਮਲੂਕ ਜਿੰਦੜੀ

ਸਾਨੂੰ ਸੱਜਣਾਂ ਨੇਂ ਜਦੋਂ ਠੁਕਰਾਇਆ
ਕਿਤਾਬਾਂ ਨਲ਼ ਦਿਲ ਲਾ ਲਿਆ

ਮੇਰੇ ਨਾਲ਼ ਜੇ ਤੂੰ ਵਸਣਾ ਨਹੀਂ ਢੋਲਾ
ਤੇ ਚੀਜ਼ਾਂ ਨੂੰ ਮੈਂ ਕੀ ਕਰਨਾ

ਪਾਟੇ ਕੱਪੜੇ ਤੇ ਸਿਰਾਂ ਵਿਚ ਧੂੜਾਂ
ਨਿਸ਼ਾਨੀਆਂ ਨੇਂ ਆਸ਼ਕਾਂ ਦੀਆਂ

ਯਾਦ ਮਾਹੀ ਦੀ ਭੁਲਾਇਆਂ ਨਹੀਓਂ ਭੁੱਲਦੀ
ਬਥੇਰੇ ਮੈਂ ਵਜ਼ੀਫ਼ੇ ਕਰ ਲਏ

ਨਹੀਓਂ ਦਿਲ ਦੀ ਮੁਰਾਦ ਹੋਈ ਪੂਰੀ
ਦੁਆਵਾਂ ਅਸੀਂ ਲੱਖਾਂ ਮੰਗੀਆਂ

ਸਾਡੇ ਨਾਲ਼ ਐਸੀ ਕੰਡ ਕੀਤੀ ਸੱਜਣਾਂ
ਨਾ ਕੋਈ ਸਾਡਾ ਹਾਲ ਪੁੱਛਦਾ

ਅਸਾਂ ਦੁਖੜਾ ਬਿਆਨ ਕੀਤਾ ਦਿਲ ਦਾ
ਬਖੇੜੇ ਵਿਚ ਗੱਲ ਪੈ ਗਈ

ਅਸੀਂ ਬੈਠੇ ਆਂ ਹਨੇਰੇ ਲੁਕ ਕੇ
ਸੁਨੇਹੜਾ ਕੋਈ ਘੱਲੋ ਚੰਨ ਨੂੰ

ਹੋਰ ਕਿੰਨੀ ਕੋ ਉਡੀਕ ਅਸੀਂ ਕਰੀਏ
ਵਧੇਰੀ ਸਾਡੀ ਟੁੱਟ ਗਈ

ਰੱਬਾ ਸੱਜਣਾਂ ਦਾ ਮੇਲ ਕਦੋਂ ਹੋਣਾ
ਉਡੀਕਾਂ ਦੀ ਅਖ਼ੀਰ ਹੋ ਗਈ

ਸਲ੍ਹੱਹ ਸੀਨੇ ਵਿਚ ਉਠਦੀ ਏ ਸੱਜਣੋ
ਜਦੋਂ ਵੀ ਮੋਏ ਯਾਦ ਆਵੰਦੇ

ਜਿਹਨਾਂ ਜਾਣਾ ਸੀ ਉਹ ਲੋਏ ਲੋਏ ਟੁਰ ਗਏ
ਤੇ ਬਾਕੀਆਂ ਲਈ ਸ਼ਾਮਾਂ ਪੈ ਗੀਆਂ

ਰੋਗੀ ਹੋ ਕੇ ਵੀ ਨਹੀਂ ਅਸੀਂ ਰੋਗੀ ਲਗਦੇ
ਅਵੱਲੜੇ ਨੇਂ ਰੋਗ ਦਿਲ ਦੇ

## ਬਿਮਾਰੀ ਦੀਆਂ ਬੋਲੀਆਂ

ਠੰਡਾ ਯਖ਼ ਪਾਣੀ ਕਾਲ੍ਹੀ ਵਿਚ ਪੀਤਾ
ਤੇ ਗਲੇ ਨੂੰ ਉਹ ਜਾ ਲੱਗਿਆ

ਲਾਇਲਾਜੀ ਵਿਚ ਖੰਗ ਐਸੀ ਵਿਗੜੀ
ਮਹੀਨਾ ਪੂਰਾ ਬੱਨੇ ਲੱਗਿਆ

ਠੇਡਾ ਲੱਗਾ ਤੇ ਵਿਧਾਨ ਐਸਾ ਵਧਿਆ
ਅੰਗੂਠਾ ਕਟਵਾਨਾ ਪੈ ਗਿਆ

ਐਸੀ ਰੱਜ ਰੱਜ ਖਾਹਦੀ ਅਸਾਂ ਬਰਫ਼ੀ
ਕਿ ਦਾੜ੍ਹ ਵਿਚ ਕੀੜਾ ਪੈ ਗਿਆ

ਕਿਤੇ ਜ਼ਖ਼ਮੀ ਨਾ ਕਰ ਲੈਣਾਂ ਪਰਦੇ
ਨਾ ਕੰਨਾਂ ਵਿਚ ਮਾਰੋ ਤੇਲੀਆ

ਰੋਗੀ ਹੋ ਕੇ ਵੀ ਨਹੀਂ ਅਸੀਂ ਰੋਗੀ ਲਗਦੇ
ਅਵੱਲੜੇ ਨੇਂ ਰੋਗ ਦਿਲ ਦੇ

ਸਾਥੋਂ ਹੋਈਆਂ ਕੁਝ ਐਸੀਆਂ ਖ਼ਤਾਵਾਂ
ਕਿ ਜਿੰਦੜੀ ਨੂੰ ਰੋਗ ਲੱਗ ਗਏ

## ਰਲੀਆਂ ਮਿਲੀਆਂ ਬੋਲੀਆਂ

ਜੁੜੇ ਰਹਿਣ ਦੀ ਉਮੀਦ ਹੁਣ ਕੋਈ ਨਾ
ਕਿ ਵੇਹੜ੍ਹੇ ਵਿਚ ਕੰਧ ਹੋ ਗਈ

ਅਸੀਂ ਰਹਿ ਗਏ ਲੂਸਣ ਜੋਗੀਏ
ਕਿ ਧੁੱਪਾਂ ਸਾਡੇ ਪੇਸ਼ ਪੈ ਗਈਆਂ

ਘਰ ਬੈਠਿਆਂ ਹੱਥੀਂ ਆਈ
ਤੇ ਗੁਣਾਂ ਵਾਲੀ ਲੈਨ ਲੱਗ ਗਈ

ਜਿਹੜਾ ਮੋਇਆ ਏ ਪ੍ਰੀਤ ਨਿਭਾਂਦੀਆਂ
ਨਾ ਉਹਨੂੰ ਕੋਈ ਮੋਇਆ ਸਮਝੇ

ਜ਼ਾਇਆ ਕਰੀਏ ਨਾ ਕਦੀ ਫ਼ਰਿਆਦਾਂ
ਕਿ ਜਾਣ ਵਾਲੇ ਨਹੀਓਂ ਰੁਕਦੇ

ਐਡੀ ਵੱਡੀ ਤੇ ਖ਼ਤਾ ਨਹੀਂ ਸੀ ਕੀਤੀ
ਕਿ ਜਿੰਨੀ ਬਦਨਾਮੀ ਹੋ ਗਈ

ਖ਼ੋਰੇ ਕਿੰਨੀ ਲੰਮੀ ਉਸ ਦੀ ਉਡੀਕ ਏ
ਤੇ ਚਲੋ ਕੋਈ ਬੋਲੀ ਕਹਿ ਲੀਏ

ਸਾਥੋਂ ਹੋਈਆਂ ਕੁਝ ਐਸੀਆਂ ਖ਼ਤਾਵਾਂ
ਕਿ ਜਿੰਦੜੀ ਨੂੰ ਰੋਗ ਲੱਗ ਗਏ

ਲੱਜ ਆਪਣੀ ਗਵਾਈ ਉਹਨੇ ਐਸੀ
ਕਿ ਛੜਿਆਂ ਦੀ ਖੇਡ ਬਣ ਗਈ

ਆਈ ਸਰਦੀ ਤੇ ਛਿੜ ਏ ਕੰਮਬਣੀ
ਤੇ ਕੰਬਲਾਂ ਚ ਸਾਰੇ ਵੜ ਗਏ

ਆਈ ਗਰਮੀ ਤੇ ਗਏ ਪਸੀਨੇ
ਤੇ ਪੱਖੀਆਂ ਦੀ ਲੋੜ ਪੈ ਗਈ

ਪਾਇਆ ਤਿਨ ਤੇ ਮੈਂ ਰੋਗਾਂ ਵਾਲਾ ਚੋਲਾ
ਫ਼ਕੀਰੀ ਵਾਲਾ ਭੇਦ ਜਾਣ ਕੇ

ਜਦੋਂ ਹਾਥੀਆਂ ਦੀ ਹੁੰਦੀ ਏ ਲੜਾਈ
ਉਜਾੜਾ ਹੁੰਦਾ ਖਿਤੀਆਂ ਦਾ

ਉਹਦੀ ਗੱਲ ਦਾ ਸੁਆਦ ਆਇਆ
ਤੇ ਪੱਲੇ ਸਾਡੇ ਕੱਖ ਨਾ ਪਿਆ

ਤੀਰ ਲੱਭ ਲੈਂਦਾ ਅਪਣਾ ਨਿਸ਼ਾਨਾ
ਹਨੇਰਾ ਭਾਵੇਂ ਹੋਵੇ ਝੱਲਿਆ!

ਲੋੜਾਂ ਸਾਡੀਆਂ ਨੇ ਸਾਨੂੰ ਦੱਬ ਛੱਡਿਆ
ਤੇ ਸਾਨੂੰ ਇਹੋ ਰੋਗ ਖਾ ਗਏ

ਸੋਹਣੇ ਰੱਬ ਤੋਂ ਉਮੀਦਾਂ ਸਾਨੂੰ ਬੜੀਆਂ
ਕਦੀ ਤੇ ਚੰਗੇ ਦਿਨ ਆਉਣਗੇ

ਨਹੀਓਂ ਬਲਦੇ ਹਵਾਵਾਂ ਵਿਚ ਦੇਵੇ
ਨਾ ਮਿੱਠੀਆਂ ਚ ਰੇਤ ਟਿਕਦੀ

ਮੇਰੇ ਪੈਰਾਂ ਵਿਚ ਬੇੜੀਆਂ ਪਾ ਕੇ
ਉਹ ਆਖਦੇ ਨੇਂ ਦੌੜ ਕੇ ਵਖਾ

ਮਿੱਠੇ ਪਾਣੀਆਂ ਦੇ ਖੂਹਵਾਂ ਨੂੰ ਕੀ ਬਣੀਆਂ
ਕਿ ਰੋਂਦੀ ਪਈ ਏ ਤੱਸੀ ਧਰਤੀ

ਅਸੀਂ ਚੋਰਾਂ ਨੂੰ ਜੇ ਚੋਰ ਨਹੀਂ ਆਖਣਾ
ਤੇ ਸਾਡਾ ਇਹੋ ਹਾਲ ਰਹਿਣਾ ਐਂ

ਜਿਹੜਾ ਪੂਰੀ ਤਰਹਾਂ ਨ੍ਹੇਰਿਆਂ ਨੂੰ ਖਾ ਲਏ
ਉਹ ਦਿਨ ਅਜੇ ਨਹੀਂ ਚੜ੍ਹਿਆ

ਗੱਲ ਆਪਣੀ ਕਦੀ ਨਾ ਓਥੇ ਕਰੀਏ
ਕਿ ਜਿਥੇ ਉਹਦਾ ਮੁੱਲ ਨਾ ਪੋਏ

ਇਸੇ ਕੰਮਾਂ ਵਿਚ ਰੁਝ ਗਈਆਂ ਸੰਗਤਾਂ
ਮੁਹੱਬਤਾਂ ਦਾ ਕਾਲ਼ ਪੈ ਗਿਆ

ਕਦੀ ਨਿੱਕੀ ਜਿਹੀ ਇਕ ਚਿੰਗਾਰੀ
ਹਵੇਲੀਆਂ ਨੂੰ ਸਾੜ ਛੱਡਦੀ

ਜਦੋਂ ਫੁੱਟ ਪਈਆਂ ਟਹਿਣੀਆਂ ਤੇ ਕਲੀਆਂ
ਬਗ਼ੀਚਿਆਂ ਚ ਰੰਗ ਭਰ ਗਏ

ਮੈਨੂੰ ਆਪਣੀ ਹਯਾ ਚ ਲੁਕਾ ਲੈ
ਤੇ ਨੰਗ ਮੇਰੇ ਦੂਰ ਕਰਦੇ

ਬੜਾ ਖੋਚਲ ਏ ਉਹ ਯਾਰ ਸਾਡਾ ਸੱਜਣੋ
ਤੇ ਚਬਲਾਂ ਵੀ ਮਾਰੇ ਰੱਜ ਕੇ

ਓਨੇ ਈ ਮਿਲਸਣ ਮੁਫ਼ਤੀ ਦੇ ਫ਼ਤਵੇ
ਕਿ ਜਿਹਨਾਂ ਉਹਦਾ ਮੁਲ ਪਾਉਗੇ

ਜਿਥੇ ਹੁੰਦਿਆਂ ਨੇਂ ਭੂੰਡਾਂ ਦੀਆਂ ਖੱਖਰਾਂ
ਕਦੇ ਨਾ ਓਥੋਂ ਨੇੜੇ ਲੰਘੀਏ

ਰੱਬ ਦਿੱਤਾ ਏ ਕਲਮ ਤੁਹਾਨੂੰ ਆਦਲੋ
ਨਾ ਫ਼ੈਸਲੇ ਚ ਮਾਰੋ ਡੰਡੀਆਂ

ਵੇਲ਼ਾ ਕਿਸੇ ਨੂੰ ਮਾਫ਼ ਨਹੀਂ ਜੇ ਕਰਦਾ
ਇਹ ਗੱਲ ਮੇਰੀ ਪੱਲੇ ਬੰਨ੍ਹ ਲਇਓ

ਕੰਮ ਕੋਈ ਜੇ ਲੋਕਾਈ ਦਾ ਨਾ ਕੀਤਾ
ਤੇ ਦੱਸੋ ਫ਼ਿਰ ਕੀ ਖੱਟਿਆ

ਜਿਹੜੇ ਲੋਕਾਂ ਨੇਂ ਬਣਾਏ ਨਵੇਂ ਰਸਤੇ
ਦੁਆਵਾਂ ਦੇ ਉਹ ਹੱਕਦਾਰ ਨੇਂ

ਜਿਥੋਂ ਸਾਨੂੰ ਨਹੀਂ ਖਿਡੌਣਾ ਕੋਈ ਲੱਭਣਾ
ਉਹ ਮੇਲਾ ਸਾਡੇ ਕਿਸ ਕੰਮ ਦਾ

ਜਿਥੋਂ ਗਰਮਜੋਸ਼ੀ ਸਾਨੂੰ ਕੋਈ ਨਾ ਮਿਲਣੀ
ਉਹ ਯਾਰੀ ਅਸਾਂ ਕੀ ਕਰਨੀ

ਕੰਮ ਦੱਸੋ ਤੇ ਉਹ ਪੂਰਾ ਨਹੀਂ ਜੇ ਕਰਦੇ
ਤੇ ਦੱਸੋ ਅਸੀਂ ਕੀ ਕਰੀਏ

ਜਦੋਂ ਮਰਜ਼ੀ ਦਾ ਮੁੱਲ ਗਿਆ ਦਾਣਾ
ਕਬੂਤਰਾਂ ਦੀ ਮੌਜ ਹੋ ਗਈ

ਜਿਵੇਂ ਕਹੀਏ, ਜਦੋਂ ਉਹੋ ਜਿਹਾ ਕਰਦੇ
ਤੇ ਯਾਰ ਬੜੇ ਚੰਗੇ ਲਗਦੇ

ਜਦੋਂ ਮਰਜ਼ੀ ਦੇ ਵਿਚ ਆਈਏ
ਕਬੂਤਰਾਂ ਨੇਂ ਮੌਜਾਂ ਮਾਣਿਆਂ

ਉੱਚੀ ਬੋਲੀਏ ਨਾ ਪਰ੍ਹੀਆ ਚ ਬਹਿ ਕੇ
ਤਮਾਸ਼ਾ ਨਾ ਆਪ ਨੂੰ

ਬਾਲ ਕੁਛੜੋਂ ਨਾ ਜਦੋਂ ਕੋਈ ਉਤਰੇ
ਤੇ ਦੱਸੋ ਓਥੇ ਕੀ ਕਰੀਏ

ਖਾਂਦੇ ਹੋਟਲਾਂ ਚ ਮਹਿੰਗੇ ਮਹਿੰਗੇ ਖਾਣੇ
ਤੇ ਕਹਿੰਦੇ ਮੰਗਿਆਈ ਬੜੀ ਏ

ਅਸਾਂ ਐਸੀਆਂ ਕਿਤਾਬਾਂ ਕੁੱਝ ਪੜ੍ਹੀਆਂ
ਇਬਾਦਤਾਂ ਚ ਵਹਿਮ ਆ ਗਿਆ

ਸ਼ੌਕ ਉਨ੍ਹਾਂ ਦੇ ਨੇਂ ਕਈ ਕਈ ਲੱਖ ਦੇ
ਤੇ ਕਿਸੇ ਲਈ ਨਹੀਂ ਧੇਲਾ ਕੱਢਦੇ

ਫੁੱਲ ਖਿੜ ਪਏ ਬਹਾਰ ਵਾਲੀ ਰੁੱਤ ਦੇ
ਤੇ ਬੁਲ੍ਹਿਆਂ ਤੇ ਹਾਸੇ ਖੇਡਦੇ

ਜਦੋਂ ਸੀਨੇ ਵਿਚ ਪੁੰਘਰੀਆਂ ਕਲੀਆਂ
ਤੇ ਜੁੱਸੇ ਵਿਚ ਮਹਿਕਾਂ ਭਰੀਆਂ

ਜਦੋਂ ਆ ਗਿਆ ਦਾ ਮਹੀਨਾ
ਤੇ ਕੋਂਪਲਾਂ ਦਾ ਮੇਲਾ ਸਜਿਆ

ਉਹਨੇ ਜਿੱਤ ਕੇ ਤੇ ਹਾਲ ਵੀ ਨਾ ਪੁੱਛਿਆ
ਕਿ ਜਿਹਨੂੰ ਅਸਾਂ ਪਾਈ ਪਰਚੀ

ਜਿਹਨੇ ਰਿੰਨ੍ਹੇ ਨੇਂ ਇਹ ਗੋਸ਼ਤ ਕਰੇਲੇ
ਮੈਂ ਕਿਉਂ ਨਾ ਉਹਦੇ ਹੱਥ ਚੁੰਮ ਲਾਂ

ਅੱਜ ਮੁੰਡਿਆਂ ਨੇ ਪਾਏ ਰੱਜ ਭੰਗੜੇ
ਤੇ ਮੇਲੇ ਦਾ ਸੁਆਦ ਆ ਗਿਆ

ਕਿਹਨੂੰ ਲੱਭੀਆਂ ਨੇਂ ਦਿਲਾਂ ਦੀਆਂ ਡੂੰਘਾਂ
ਬਥੇਰੇ ਅਸੀਂ ਟੋਬੇ ਵੇਖ ਲਏ

ਜਦੋਂ ਮਿਲਦੇ ਨੇਂ ਯਾਰ ਪੁਰਾਣੇ
ਤੇ ਯਾਦਾਂ ਵਾਲੀ ਗੰਢ ਖੁੱਲਦੀ

ਕੱਚੇ ਕੋਠਿਆਂ ਚ ਸੁਖ ਜਿਹੜਾ ਮਿਲਦਾ
ਉਹ ਕੋਠਿਆਂ ਚ ਨਹੀਂ ਜੇ ਲੱਭਦਾ

ਕਿਸੇ ਕੋਠੀ ਕਿਸੇ ਬੰਗਲੇ ਦਾ ਚਾਅ ਸੀ
ਫ਼ਲੈਟਾਂ ਵਿਚ ਰਹਿਣਾ ਪੈ ਗਿਆ

ਉੱਚੀ ਮਾੜੀ ਤੇ ਚੌਬਾਰੇ ਹੁਣ ਕੁਝ ਨਹੀਂ
ਤੇ ਪਲਾਜ਼ਿਆਂ ਦਾ ਦੌਰ ਆ ਗਿਅ

ਨਵੇਂ ਸਾਲ ਦਾ ਬਜੱਟ ਜਦੋਂ ਆਇਆ
ਮਾੜਿਆਂ ਦੇ ਸਾਹ ਸੁੱਕ ਗਏ

ਤੁਸੀ ਕਹਿੰਦੇ ਓ ਤਰੱਕੀ ਬੜੀ ਹੋਈ
ਇਹ ਲੋਕੀ ਖ਼ੋਰੇ ਕਿਉਂ ਰਲਦੇ

ਕੰਮ ਕਮੀਆਂ ਦਾ ਚਾਕਰੀ ਨਿਭਾਉਣਾ
ਹਯਾਤੀ ਸਾਰੀ ਇੰਜੇ ਈ ਲੰਘਦੀ

ਉਹਨੂੰ ਜ਼ਰਾ ਵੀ ਨਹੀਂ ਆਉਂਦੀ
ਉਹ ਨਿੰਦੀ ਜਾਵੇ ਵੱਡਿਆਂ ਨੂੰ

ਸਾਡੀ ਵਿਗੜੀ ਵੀ ਕਦੀ ਬਣ ਜਾਵੇ
ਅਸੀਂ ਵੀ ਕੁੱਝ ਐਸ਼ ਕਰੀਏ

ਬੜਾ ਔਖਾ ਹੁੰਦਾ ਬਾਲਾਂ ਨੂੰ ਪੜ੍ਹਾਨਾ
ਨਿਮਾਣੇ ਮਾਪੇ ਖੱਪ ਜਾਂਦੇ

ਝੂਠੇ ਤਾਣੇ ਜਦੋਂ ਯਾਰਾਂ ਵੱਲੋਂ ਮਿਲਦੇ
ਦਿਲਾਂ ਦੇ ਫੱਟ ਨਹੀਂ ਭਰਦੇ

ਖ਼ਾਨ ਰੱਖਦੇ ਨੇਂ ਖ਼ਾਨਾਂ ਨਾਲ਼ ਯਾਰੀ
ਇਹ ਸਦਾ ਤੋਂ ਏ ਰੀਤ ਜੱਗ ਦੀ

ਯਾਰ ਮਾਰ ਵੀ ਤੇ ਹੁੰਦੇ ਨੇਂ ਬਥੇਰੇ
ਖ਼ਿਆਲ ਜ਼ਰਾ ਰੱਖਿਆ ਕਰੋ!

ਪਹਿਲਵਾਨ ਜਦੋਂ ਹੱਥ ਜੋੜੀ ਕਰਦੇ
ਅਖਾੜਿਆਂ ਚ ਨਾਅਰੇ ਲਗਦੇ

ਕਦੀ ਕੌਡੀ, ਕਦੀ ਕੁਸ਼ਤੀ ਦੇ ਨਾਂ ਤੇ
ਪੰਜਾਬੀਆਂ ਦੇ ਮੇਲੇ ਲਗਦੇ

ਜਾਲ਼ ਨਹਿਰਾਂ ਦਾ ਪੰਜਾਬ ਵਿਚ ਮਿਲਦਾ
ਲਕੀਰਾਂ ਨੇਂ ਇਹ ਲੇਖਾਂ ਵਾਲੀਆਂ

ਕਦੀ ਖੂਹ ਤੇ ਝਲਾਰਾਂ ਸਨ ਹਰ ਜਾ
ਤੇ ਫ਼ਿਰ ਆਇਆਂ ਬੰਮਬੀਆਂ

ਜੇ ਨਾ ਬੰਦਿਆਂ ਨੂੰ ਬੰਦਾ ਕੋਈ ਸਮਝੇ
ਤੇ ਉਹ ਵੀ ਏ ਜਨੌਰ ਵਰਗਾ

ਪਾਏ ਮਣਕੇ ਪਰ ਉਨ੍ਹਾਂ ਵਿਚ ਸੱਜਣੋ
ਫ਼ਕੀਰਾਂ ਵਾਲੀ ਗੱਲ ਕੋਈ ਨਹੀਂ

ਲੱਖਾਂ ਲੋਕੀ ਸਨ ਹੀਰਿਆਂ ਵਰਗੇ
ਤੇ ਮਿੱਟੀ ਵਿਚ ਮਿੱਟੀ ਹੋ ਗਏ

ਐਸਾ ਭਰਵਾਂ ਏ ਯਾਦਾਂ ਦਾ ਖ਼ਜ਼ਾਨਾ
ਹਜ਼ਾਰਾਂ ਕਿੱਸੇ ਮੈਥੋਂ ਸੁਣ ਲਉ

ਡਾਢੇ ਰੱਬ ਦੇ ਕਨੂੰਨ ਬੜੇ ਡਾਢੇ
ਨਿਮਾਣਿਆਂ ਦਾ ਜ਼ੋਰ ਕੋਈ ਨਾ

ਮੌਤ ਹੁੰਦੀ ਏ ਹਯਾਤੀ ਦੀ ਸਹੇਲੀ
ਉਹ ਭਾਵੇਂ ਇਕੋ ਵਾਰ ਮਿਲਦੀ

ਠੰਢੇ ਪਾਣੀ ਜਿਹੀ ਸੌਗ਼ਾਤ ਨਾ ਕੋਈ
ਇਹ ਰੱਜ ਕੇ ਤ੍ਰਹਿ ਮਾਰਦਾ

ਅਸੀਂ ਬੈਠੇ ਆਂ ਸਮਾਨ ਸਾਰਾ ਬੰਨ੍ਹ ਕੇ
ਤੇ ਕੂਚ ਖ਼ੋਰੇ ਕਦੋਂ ਕਰਨੀ

ਅੱਜ ਵੇਰੀਆਂ ਦੇ ਪਿੰਡ ਵਿਚੋਂ ਲੰਘਣਾਂ
ਦਿਮਾਗ਼ ਜ਼ਰਾ ਤੇਜ਼ ਰੱਖਣਾਂ

ਥੋੜਾ ਆਉਣ ਵਾਲੇ ਕੱਲ੍ਹ ਵੀ ਸੋਚੋ
ਕਿ ਸਾਰਾ ਕੁਝ ਅੱਜ ਈ ਤੇ ਨਹੀਂ

ਅਸੀਂ ਗਏ ਓਥੇ ਯਾਰ ਨਾਲ਼ ਰੱਲ ਕੇ
ਤੇ ਸਾਡੀ ਐਵੇਂ ਟੌਹਰ ਬਣ ਗਈ

ਅਕਲ ਆਪਣੀ ਤੋਂ ਕੰਮ ਲਵੋ ਸੱਜਣੋ
ਕਿਸੇ ਦੇ ਆਖੇ ਨਹੀਂ ਲਗਦੇ

ਨਹੀਓਂ ਚੰਗੀ ਐਡੀ ਲਾਪਰਵਾਹੀ
ਧਿਆਨ ਨਾਲ਼ ਕੰਮ ਕਰੀਦਾ ਏ

ਭੀੜ ਹੋਵੇ ਜਿਥੇ ਗੱਡੀਆਂ ਦੀ ਬੇਲੀਓ
ਤੇ ਸੱਜੇ ਖੱਬੇ ਵੇਖ ਕੇ ਚਲੋ

ਕਦੀ ਰੱਜ ਰੱਜ ਪੀ ਕੇ ਵੀ ਨਹੀਂ ਚੜ੍ਹਦੀ
ਤੇ ਕਦੀ ਐਵੇਂ ਪੈਰ ਡੋਲਦੇ

ਹੱਸ ਖੇਡ ਕੇ ਗੁਜ਼ਾਰੋ ਵੇਲ਼ਾ ਅਪਣਾ
ਤੇ ਬਹਿਸਾਂ ਵਿਚ ਕੀ ਲੱਭਣਾਂ

ਕੰਮ ਕਰਨ ਨੂੰ ਦਿਲ ਤੇ ਨਹੀਂ ਕਰਦਾ
ਖਿਲਾਰਾ ਪਾ ਕੇ ਐਵੇਂ ਈ ਬਹਿ ਗਏ

ਇੱਕ ਬੋਲੀ ਮੇਰੇ ਵਿਚ ਆਈ
ਤੇ ਫ਼ਿਰ ਉਹ ਗਵਾਚ ਵੀ ਗਈ

ਕਿਵੇਂ ਛਪੇਗੀ ਕਿਤਾਬ ਤੇਰੀ ਯਾਰਾ
ਮਸੱਵਦਾ ਜੇ ਚੋਰੀ ਹੋ ਗਿਆ

ਸ਼ਿਅਰ ਪੜ੍ਹਨੇ ਦੀ ਅਕਲ ਤੇ ਹੋਵੇ
ਕਿਸੇ ਤੋਂ ਜੇ ਲੱਖਾ ਕੇ ਪੜ੍ਹੀਏ

ਦੁੱਖਾਂ, ੳੜਕਾਂ ਦਾ ਹੜ੍ਹ ਆ ਯਾਹ
ਕਿ ਨੱਕੋ ਨੱਕ ਹੋ ਗਈ ਜਿੰਦੜੀ

ਜਦੋਂ ਵੱਡੇ ਹੋਏ ਵੇਹੜ੍ਹੇ ਵਿਚ ਬੂਟੇ
ਤੇ ਪਖੂਵਾਂ ਦੀ ਮੌਜ ਹੋ ਗਈ

ਇੱਕ ਲਾਡਲੀ ਨੇਂ ਜਦੋਂ ਕੱਦ ਕੱਢਿਆ
ਗਵਾਂਢੀਆਂ ਨੂੰ ਖੇਡ ਲੱਭ ਗਈ

ਜਾਨਦਾਰਾਂ ਦੇ ਤੇ ਸਾਹ ਰੁਕ ਜਾਂਦੇ
ਤੇ ਵੇਲੇ ਦੀ ਨਹੀਂ ਸੋਈ ਰੋਕਦੀ

ਸਾਂਭ ਲਓ ਹੁਣ ਖੇਸ ਤੇ ਰਜ਼ਾਈਆਂ
ਕਿ ਮਈ ਦਾ ਮਹੀਨਾ ਆ ਗਿਆ

ਅਸੀਂ ਯਾਰ ਨੂੰ ਲਿਫ਼ਨ ਨਹੀਂ ਦੇਣਾ
ਤੇ ਸਾਡਾ ਭਾਵੇਂ ਕੱਖ ਨਾ ਰਹਵੇ

ਹੱਕ ਵਾਜ ਤੋਂ ਜ਼ਰਾ ਨਹੀਂ ਹਟਣਾ
ਤੇ ਭਾਵੇਂ ਸਾਡਾ ਚੰਮ ਲੱਥ ਜਾਏ

ਸੱਚ ਬੋਲਣਾ ਤੇ ਪੂਰਾ ਅਸਾਂ ਤੋਲਣਾ
ਸਦਾ ਈ ਉਸੇ ਰਾਹੀਂ ਚੱਲਣਾ

ਮੁਲ ਵਿਕਦੇ ਨਹੀਂ ਧੀਆਂ ਪੁੱਤ ਅੜੀਏ
ਇਹ ਮੌਲਾ ਜਿਹਨੂੰ ਦੇ ਦਵਈਏ

ਨਿੱਕੇ ਹੁੰਦਿਆਂ ਯਤੀਮ ਜਿਹੜੇ ਹੋ ਜਾਣ
ਉਹ ਠੋਕਰਾਂ ਚ ਰਹਿੰਦੇ ਪੱਲਦੇ

ਪਿੱਛੇ ਰਹਿ ਗਏ ਸੀ ਤਮਾਸ਼ੇ ਤੇ ਪੰਘੂੜੇ
ਕਵਾਲੀਆਂ ਨੇ ਮੇਲਾ ਲੁੱਟਿਆ

ਕਿਉਂ ਨਹੀਂ ਵੇਖਦੇ ਗ਼ਰੀਬਾਂ ਦੇ ਉਹ ਫ਼ਾਕੇ
ਤੇ ਖਾਬੇ ਜਿਹੜੇ ਖਾਂਦੇ ਰੱਜ ਕੇ

ਤੁਹਾਨੂੰ ਮਿਲਿਆ ਏ ਰੁਤਬਾ ਉਚੇਰਾ
ਤੇ ਸਾਡਾ ਵੀ ਖ਼ਿਆਲ ਰੱਖਣਾ

ਕਿਵੇਂ ਸ਼ਾਇਰੀ ਤੋਂ ਵੱਖ ਰਾਹਵਾਂ ਸੱਜਣੋ
ਇਹ ਦੁੱਖਾਂ ਦਾ ਮੱਦਾਵਾ ਕਰਦੀ

ਵੇਲ਼ਾ ਕਿਸੇ ਤਰ੍ਹਾਂ ਔਕੜਾਂ ਦਾ ਗੁਜ਼ਰੇ
ਸੁਣਾਓ ਕੋਈ ਗੀਤ ਸਜੱਰਾ

ਮੇਰੇ ਦਿਲ ਨੂੰ ਸਰੂਰ ਜਿਹਾ ਮਿਲਦਾ
ਕਿਤਾਬ ਜਦੋਂ ਪੜ੍ਹਾਂ ਮੈਂ ਕੋਈ

ਕਿਤੇ ਬਾਰਸ਼ਾਂ ਦੀ ਰੁੱਤ ਨਹੀਂ ਮੁੱਕਦੀ
ਤੇ ਕਿਤੇ ਸਦਾ ਸੁੱਕੇ ਉਗਦੇ

ਇੱਕ ਪਾਸੇ ਨੇ ਨਵਾਬਾਂ ਜਿਹੀਆਂ ਸ਼ਾਨਾਂ
ਤੇ ਇੱਕ ਪਾਸੇ ਫ਼ਾਕੇ ਵਸਦੇ

ਇਨ੍ਹਾਂ ਬੁਜ਼ਦਿਲਾਂ ਅਖ਼ੀਰ ਨੱਸ ਜਾਣਾ
ਬਹਾਦਰਾਂ ਦਾ ਜੋੜ ਕੋਈ ਨਾ

ਯਾਰਾਂ ਬਿੱਲੀਆਂ ਦਾ ਰਲ ਮਿਲ ਬਹਿਣਾ
ਇਲਾਜਾਂ ਦੇ ਵੀ ਕੰਮ ਆਉਂਦਾ

ਕਦੀ ਦੂਜਿਆਂ ਦੇ ਐਬਾਂ ਨੂੰ ਨਾ ਨਿੰਦੀਏ
ਬੁਰਾਈਆਂ ਤੋਂ ਬਚਾਈਏ ਆਪ ਨੂੰ

ਸਿੱਕਾ ਸੜਿਆ, ਨਾ ਹੋਵੇ ਕੋਈ ਮੋਟਾ
ਮਜ਼ਾਕ ਦਾ ਨਿਸ਼ਾਨਾ ਨਾਂ ਬਣੋ

ਔਖੀ ਉਰਦੂ, ਨਾ ਬੋਲੋ ਪੰਜਾਬੀ
ਫ਼ਰੋਗ਼ ਨਹੀਂ ਤੇ ਰੁਕ ਜਾਵੇਗਾ

ਜਿਹੜੇ ਚਾਹੁੰਦੇ ਨੇਂ ਕਿ ਅਸੀਂ ਅੱਗਾਂ ਵੱਧੀਏ
ਉਹ ਆਹਰ ਇਹਦਾ ਕਿਉਂ ਕਰ ਦੇ

ਜਿਹੜੇ ਸੀਨੇ ਵਿਚ ਦਿਲ ਸੋਹਣਾ ਰੱਖਦੇ
ਉਹ ਸਾਰੀਆਂ ਦੀ ਖ਼ੈਰ ਮੰਗਦੇ

ਕਿਵੇਂ ਜੱਗ ਦੇ ਰਿਵਾਜਾਂ ਨਾਲ਼ ਚਲੀਏ
ਤੇ ਸਾਨੂੰ ਕੋਈ ਰਾਏ ਦੇ ਦਿਓ

ਜਿਹਦੇ ਸਿਰ ਤੇ ਹੈ ਛੱਤ ਉਹਦੀ ਆਪਣੀ
ਤੇ ਉਹਦੇ ਅੱਧੇ ਦੁੱਖ ਮੁੱਕ ਗਏ

ਦਿਨੀਂ ਰਾਤੀਂ ਜਿਹੜੇ ਰਾਹਵਾਂ ਵਿਚ ਰੁਲਦੇ
ਉਹ ਕੰਡਿਆਂ ਦੇ ਵਿਚ ਤੁਲਦੇ

ਜਿਹਦੇ ਕੋਲ਼ ਹੋਵੇ ਆਪਣੀ ਸਵਾਰੀ
ਤੇ ਪੈਂਡੇ ਉਹਨੂੰ ਨਹੀਂ ਦੁਖਦੇ

ਕਿਹੜਾ ਕਰੀਏ ਤੇ ਕਿਹੜਾ ਅਸੀਂ ਛੱਡੀਏ
ਕਿ ਘਰਾਂ ਦੇ ਨਹੀਂ ਕੰਮ ਮੁੱਕਦੇ

ਕਿਸੇ ਗੁਡੀ ਦੀ ਤਿੰਨਾਂ ਜਦੋਂ ਟੁੱਟਦੀ
ਤੇ ਫ਼ਿਰ ਉਹਨੂੰ ਪੈਣ ਘੇਰੀਆਂ

ਵੀਣੀ ਗੋਰੀ ਚਿੱਟੀ ਭਰਵੀਂ ਏ ਸੱਖਣੀ
ਚੜ੍ਹਾ ਦੇ ਮਾਹੀਆ ਵੰਗਾਂ ਰੱਤੀਆਂ

ਗੋਰੇ ਹੱਥਾਂ ਅਤੇ ਸਜਦੀ ਏ ਮਹਿੰਦੀ
ਤੇ ਬੁਲ੍ਹਿਆਂ ਤੇ ਸੱਕ ਸੱਜਰਾ

ਜੋ ਵੀ ਚਾਹੁੰਦੇ ਓ ਮਿੰਟਾਂ ਚ ਲੱਭ ਲਉ
ਕਮਾਲ ਐਸਾ ਕੀਤਾ ਨੈਟ ਨੇ

ਜੇਠਾਂ ਹਾੜ੍ਹਾਂ ਦੀਆਂ ਧੁੱਪਾਂ ਅਸੀਂ ਝੱਲੀਆਂ
ਤੇ ਫ਼ਿਰ ਸਾਨੂੰ ਛਾਵਾਂ ਲੱਭੀਆਂ

ਅਸਾਂ ਕਿਸੇ ਤੇ ਭਰੋਸਾ ਨਹੀਂ ਜੇ ਕਰਨਾ
ਘਟਾਈਏ ਕਾਹਨੂੰ ਸ਼ਾਨ ਆਪਣੀ

ਜਦੋਂ ਵੱਡੀ ਕੋਈ ਬੋਲੀ ਮੈਥੋਂ ਹੋ ਗਈ
ਤੇ ਮੇਰੀ ਤੁਸੀਂ ਸ਼ਾਨ ਵੇਖਣਾ

ਦਿਨੇਂ ਰਾਤੀਂ ਅਸੀਂ ਰਾਹੋਂ ਵਿਚ ਰੁਲਦੇ
ਤੇ ਪੰਧ ਸਾਡੇ ਨਹੀਂ ਮੁੱਕਦੇ

ਬੜੀ ਤੰਗੀ ਨਾਲ਼ ਲੰਘਦਾ ਮਹੀਨਾ
ਕਮਾਈਆਂ ਵਿਚ ਖ਼ੈਰ ਕੋਈ ਨਹੀਂ

ਗੱਲਾਂ ਘਰ ਦੀਆਂ ਬਾਹਰ ਨਾ ਕਰੀਏ
ਕਿ ਲੋਕੀ ਤੇ ਸੁਆਦ ਲੱਭਦੇ

ਸਾਡੇ ਲੱਖਾਂ ਈ ਜਵਾਨ ਰਾਹਵਾਂ ਭੁੱਲ ਗਏ
ਤੇ ਨਸ਼ਿਆਂ ਨੇ ਮਾਰ ਸੁੱਟਿਆ

ਮੱਤ ਪੁੱਛੋ ਉਹਨੂੰ ਖ਼ੁਸ਼ੀ ਕਿੰਨੀ ਹੁੰਦੀ
ਕਿਤਾਬ ਜਿਹਦੀ ਪਹਿਲੀ ਛਪਦੀ

ਕੰਮ ਆਂਦੀ ਏ ਕਮਾਈ ਬੱਸ ਆਪਣੀ
ਇਹ ਗਲ ਸਾਡੀ ਪੱਲੇ ਬਨ੍ਹ ਲਓ

ਤੇਰੀ ਟੌਹਰ ਕਿਸੇ ਬਣਨ ਨਹੀਂ ਦੇਣੀ
ਕਮਾਲ ਜੇ ਤੂੰ ਕੀਤਾ ਨਾ ਕੋਈ

ਮਜ਼ਾ ਲੈਣਾ ਐਂ ਜੇ ਤੁਸੀ ਜ਼ਰਾ ਵੱਖਰਾ
ਕਬਾਬ ਖਾਓ ''ਬੁੰਦੂ ਖ਼ਾਨ'' ਦੇ

ਤੇਰੀ ਜ਼ਾਤ ਇਥੇ ਕਿਸੇ ਨਹੀਓਂ ਪੁੱਛਣੀ
ਕਿ ਆਪੋ ਆਪੀ ਸਭ ਨੂੰ

ਅੱਗ ਲੱਗੀ ਸੀ ਨਿਮਾਣਿਆਂ ਦੇ ਵੇਹੜੇ
ਗੁਆਂਢ ਤਕ ਸੇਕ ਪਹੁੰਚਿਆ

ਜਦੋਂ ਪੈਰਾਂ ਥੱਲੇ ਆਵੇ ਕੋਈ ਕੀੜੀ
ਤੇ ਰੂਹ ਤਕ ਪੀੜ ਅੱਪੜੇ

ਉਹਦੇ ਅੱਥਰੂ ਕਿਸੇ ਨੇ ਜੇ ਨਾ ਰੋਕੇ
ਤੇ ਸ਼ਹਿਰ ਵਿਚ ਹੜ੍ਹ ਆਉਗਾ

ਰੁੱਤ ਰੱਖੀਂ ਸਦਾ ਰੱਬਾ ਮਨਮੋਹਣੀ
ਇਹ ਬਾਗ਼ ਰਹਵੇ ਸਦਾ ਖਿੜਿਆ

ਚਾਹੁਣ ਵਾਲਿਆਂ ਦਾ ਮੇਲਾ ਐਸਾ ਲੱਗਿਆ
ਕਿ ਵਿਆਹ ਵਾਲਾ ਘਰ ਜਾਪਦਾ

ਜੋ ਵੀ ਕਹਿਣਾ ਸੀ ਉਹ ਸਭ ਕੁੱਝ ਕਹਿ ਗਿਆ
ਤੇ ਉਂਜ ਉਹਨੇ ਮੋਨਹਾ ਨਾ ਖੋਲਿਆ

ਆਸੇ ਪਾਸੇ ਦੇ ਮਕਾਨ ਉੱਚੇ ਹੋ ਗਏ
ਤੇ ਧੁੱਪ ਵਾਲਾ ਕਾਲ਼ ਪੈ ਗਿਆ

ਕਦੀ ਵੈਰੀ ਦਾ ਵਸਾਹ ਨਹੀਂ ਖਾਣਾ
ਤੇ ਵੈਰੀ ਵੀ ਯਹੂਦੀ ਵਰਗਾ?

ਕਿਸੇ ਢਾਬੇ ਉੱਤੇ ਚਾਅ ਪੀਣ ਰੁਕੀਏ
ਗ਼ਰੀਬਾਂ ਦੀਆਂ ਗੱਲਾਂ ਸੁਣੀਏ

ਪੀੜਾਂ ਢਿੱਡਾਂ ਵਿਚ ਹੱਸ ਹੱਸ ਪੈ ਗਈਆਂ
ਮਖ਼ੌਲੀਆਂ ਨੇ ਮਾਰ ਘੱਤਿਆ

ਸਾਰੀ ਰਾਤ ਇਨ੍ਹਾਂ ਮੱਛਰਾਂ ਨੇ ਡੰਗਿਆ
ਮਲੇਰੀਆ ਬੁਖ਼ਾਰ ਹੋ ਗਿਆ

ਬੜੇ ਸੋਹਣੇ ਜੀ ਟੀ ਰੋਡ ਦੇ ਨਜ਼ਾਰੇ
ਭਲਾ ਮੈਂ ਕਿਵੇਂ ਮੀਟਾਂ ਅੱਖੀਆਂ

ਤੁਹਾਡੇ ਦੁਆਰੇ ਤੇ ਮੈਂ ਪੈਰੀਂ ਆਵਾਂ
ਜੇ ਮੱਕੇ ਮੇਰੀ ਪੀੜ, ਪੀਰ ਜੀ

ਕਿਤੇ ਸੈਕਲਾਂ ਤੇ ਹੁੰਦਿਆਂ ਨੇਂ ਸੈਰਾਂ
ਤੇ ਕਿਤੇ ਨੀਂ ਟਿਓਟਾ ਗੱਡੀਆਂ

ਜਦੋਂ ਸ਼ਾਇਰਾਂ ਨੇਂ ਬੋਲੀਆਂ ਲਿਖੀਆਂ
ਤੇ ਮੈਨੂੰ ਵੀ ਸੁਆਦ ਪੇ ਗਿਆ

ਮੇਰਾ ਨਾਂ ਵੀ ਰਹਵੇ ਸਿਰ ਕਢਵਾਂ
ਮੈਂ ਐਸੀ ਕੋਈ ਬੋਲੀ ਲੱਖ ਜਾਂ

ਅਸਾਂ ਬੋਲੀਆਂ ਹੁਸਨ ਦੀਆਂ ਲਿਖੀਆਂ
ਤੇ ਸਾਡੀ ਵੀ ਪੁਕਾਰ ਪੈ ਗਈ

ਲਹੌਰੋਂ ਪਿੰਡੀ ਜਾਣਾ ਮੋਟਰਵੇ ਤੋਂ
ਤੇ ਭੇਰਾ ਵੀ ਕਿਆਮ ਕਰਨਾ

ਜਦੋਂ ਛਾਈ ਅਸਮਾਨਾਂ ਤੇ ਬਦਲੀ
ਹਵਾਵਾਂ ਵਿਚ ਠੰਡ ਭਰ ਗਈ

ਢੋਲ ਵੱਜਦੇ ਤੇ ਸੋਹਣੇ ਪਏ ਨੱਚਦੇ
ਤੇ ਅੱਖੀਆਂ ਚੋਂ ਨੂਰ ਡੁਲ੍ਹਦਾ

ਰੁੱਤ ਰੰਗਲੀ ਏ, ਬਾਗ਼ ਨੇਂ ਬਹਾਰੀ
ਨਜ਼ਾਰਿਆਂ ਚ ਨਸ਼ਾ ਭਰਿਆ

ਬਾਬੇ ਮੌਲੇ ਨੇ ਸੁਣਾਈ ਜਦੋਂ ਜੁਗਨੀ
ਤੇ ਮਾਰੀਆਂ ਜਵਾਨਾਂ ਬੜ੍ਹਕਾਂ

ਸਿੱਟਾ ਬਾਜਰੇ ਦਾ ਹੋਵੇ ਯਾ ਮਕਈ ਦਾ
ਸੁਆਦ ਉਹਦੇ ਤਾਜ਼ਾ ਹੋਣ ਦਾ

ਗੱਲ ਟੁਰਦੀ ਤੇ ਛੇਤੀ ਨਹੀਓਂ ਮੁੱਕਦੀ
ਮੁਕਾਈਏ ਤੇ ਪੁਆੜੇ ਵੱਧਦੇ

ਬਾਦਸ਼ਾਹੋ! ਜ਼ਰਾ ਕਰੋ ਮਿਹਰਬਾਨੀ
ਗ਼ਰੀਬਾਂ ਦਾ ਖ਼ਿਆਲ ਕਰ ਲਓ

ਬੇ ਦਲੀਲੀਆਂ ਨੂੰ ਕੌਣ ਸਮਝਾਵੇ
ਉਹ ਆਪਣੀ ਈ ਮਾਰੀ ਜਾਵਨਦੇ

ਕਦੀ ਖੇਡਣੇ ਸਾਂ ਅਸੀਂ ਕੀੜੀ ਕਾਢਾ
ਓ ਬਚਪਨੇ ਦਾ ਸੋਹਣਾ ਦੌਰ ਸੀ

ਇਥੇ ਦਮ ਦਾ ਭਰੋਸਾ ਨਹੀਂ ਜੇ ਸੱਜਣੋ
ਖਿਲਾਰੇ ਭਾਵੇਂ ਲੱਖਾਂ ਪਾ ਲਓ

ਜਦੋਂ ਪਤਾ ਏ ਕਿ ਫ਼ਾਨੀ ਸਾਰਾ ਜੱਗ ਏ
ਤੇ ਕਾਹਦੇ ਤੇ ਗ਼ਰੂਰ ਕਰੀਏ

ਅੱਖ ਰੱਖੀਏ ਗੁਆਂਢੀ ਵਾਲੀ ਅੱਖ ਤੇ
ਗੁਆਂਢੀ ਵੀ ਜੇ ਹੋਵੇ ਖਚਰਾ

ਜਦੋਂ ਪੱਕਣ ਰਵਾਂ ਦੀਆਂ ਫਲੀਆਂ
ਤੇ ਬੂਟਿਆਂ ਨੂੰ ਪਰਾਂਹ ਕਰੀਏ

ਜਦੋਂ ਚਾਹੋ ਤੁਸੀਂ ਦਿਲ ਪਰਚਾਣਾ
ਪਰਿੰਦਿਆਂ ਦੀ ਥੋੜ ਕੋਈ ਨਹੀਂ

ਬੜਾ ਚਾਅ ਸੀ ਕਿ ਜੰਞੇ ਅਸੀਂ ਚੜ੍ਹੀਏ
ਵਿਆਹ ਬੜਾ ਮਹਿੰਗਾ ਪੈ ਗਿਆ

ਬੜੀ ਛੇਤੀ ਚ ਕਿਤਾਬ ਮੇਰੀ ਛੱਪ ਗਈ
ਪਰੂਫ਼ ਵੱਲੋਂ ਗੱਲ ਰਹਿ ਗਈ

ਬਿਲ, ਟੈਕਸ ਨਾਲੇ ਫ਼ੀਸਾਂ ਭਰ ਭਰ ਕੇ
ਅਕਾਊਂਟ ਮੇਰਾ ਫਾਂਗ ਹੋ ਗਿਆ

ਟਾਂਗੇ ਰੀੜ੍ਹੇ ਦਾ ਰਿਵਾਜ ਐਸਾ ਘਟਿਆ
ਕਿ ਟਿੱਪ ਟਿੱਪ ਸੁਣਨੋਂ ਗਏ

ਇਥੇ ਉੱਚੀਆਂ ਤੇ ਡਾਢੀਆਂ ਦਾ ਰਾਜ ਏ
ਤੇ ਮਾੜੀਆਂ ਦਾ ਇਥੇ ਵੱਸ ਨਾ ਚਲੇ

ਜਿਹੜਾ ਬੋਲੀਆਂ ਦੀ ਲਹਿਰ ਵਿਚ ਡੁੱਬਿਆ
ਉਹ ਨਸ਼ਿਆਂ ਦੀ ਰਾਹ ਭੁੱਲਿਆ

ਜਿਹੜੇ ਸ਼ਾਇਰੀ ਨੂੰ ਲੈਂਦੇ ਬੜਾ ਹਲਕਾ
ਉਹ ਸਾਨੂੰ ਬੜੇ ਹੋਲੇ ਲਗਦੇ

ਬੜੇ ਬਣਦੇ ਓ ਹਾਜੀ ਤੇ ਨਮਾਜ਼ੀ
ਤੇ ਪਹਿਲੋਂ ਇਨਸਾਨ ਤੇ ਬਣੋ

ਏਨੇ ਮੈਗਜ਼ੀਨ, ਏਨੇ ਅਖ਼ਬਾਰ ਨੇਂ
ਕਿ ਸਭ ਦੇ ਤੇ ਨਾਂ ਵੀ ਯਾਦ ਨਹੀਂ

ਸੱਚੇ ਕਾਲਮਾਂ ਦੀ ਆਪਣੀ ਬਹਾਰ ਏ
ਕਿ ਇਹਨਾਂ ਚੋਂ ਖ਼ਜ਼ਾਨੇ ਲੱਭਦੇ

ਜਦੋਂ ਪੜ੍ਹੀਆਂ ਫ਼ਰਾਜ਼ ਦੀਆਂ ਗ਼ਜ਼ਲਾਂ
ਤੇ ਸੀਨੇ ਵਿਚ ਦੀਵੇ ਬੱਲ ਪਏ

ਮੇਰਾ ਬੋਲੀਆਂ ਦਾ ਭਰਵਾਂ ਪਰਾਗਾ
ਸਿਆਣਿਆਂ ਦੀ ਦਾਦ ਲਵੇਗਾ

ਕਿਤੇ ਮਹਿੰਗੀਆਂ ਦਵਾਵਾਂ ਵੀ ਨਾ ਚੱਲੀਆਂ
ਤੇ ਕਈ ਜਗ੍ਹਾ ਚਲੇ ਟੋਟਕੇ

ਜਿਹਨਾਂ ਟਾਟਾਂ ਉਤੇ ਕੀਤੀਆਂ ਪੜ੍ਹਾਈਆਂ
ਤੇ ਉਨ੍ਹਾਂ ਨੇ ਵੀ ਪਾਏ ਰੁਤਬੇ

ਰਹੀਆਂ ਗੋਂਦੀਆਂ ਨਾ ਰਹੀਆਂ ਸੁਖ ਚੈਨਾਂ
ਕਿ ਨਵੇਂ ਨਵੇਂ ਰੁਖ ਆ ਗਏ

ਅਸਾਂ ਵੇਖੀਆਂ ਨੇ ਬੋੜ੍ਹਾਂ ਦੀਆਂ ਛਾਵਾਂ
ਖਜੂਰਾਂ ਦੀ ਕੀ ਗੱਲ ਸੁਣੀਏ

ਸ਼ਾਲਾ ਖ਼ੇਰीं ਖ਼ਵਾਹੀਂ ਆਵਣ ਜਾਵਣ
ਮੁਸਾਫ਼ਰਾਂ ਦੀ ਖ਼ੈਰ ਮੰਗੀਏ

ਐਵੇਂ ਕਚਰਾ ਨਾ ਆਸੇ ਪਾਸੇ ਸਟੀਏ
ਤੇ ਰਾਹਵਾਂ ਚ ਨਾ ਗੰਦ ਘੋਲੀਏ

ਗੱਡੀ ਸੜਕਾਂ ਤੇ ਠੀਕ ਈ ਚਲਾਈਏ
ਤੇ ਟੱਕਰਾਂ ਤੋ ਬਚਦੇ ਰਹੀਏ

ਸਹਿਣੀ ਪੈਂਦੀ ਏ ਰਿਆਜ਼ਤਾਂ ਦੀ ਸਖ਼ਤੀ
ਕਿ ਐਵੇਂ ਨਹੀਂ ਮਕਾਮ ਲੱਭਦੇ

ਅੱਲ੍ਹਾ ਜਾਣੇ ਕਿ ਮਕੀਨ ਕਿੱਥੇ ਟੁਰ ਗਏ
ਮਕਾਨਾਂ ਅਤੇ ਕਾਈਆਂ ਜੰਮੀਆਂ

ਰੱਬਾ ਰੋਕਦੇ ਤੂਫ਼ਾਨੀ ਬਰਸਾਤਾਂ
ਮਕਾਨਾਂ ਦੀਆਂ ਕੰਧਾਂ ਕੱਚੀਆਂ

ਅਸਾਂ ਚੁੱਪ ਵਾਲਾ ਰੋਜ਼ਾ ਜਦੋਂ ਰੱਖਿਆ
ਤੇ ਚਾਰੇ ਪਾਸੇ ਰੌਲਾ ਪੈ ਗਿਆ

ਜਦੋਂ ਚਲਦੀਆਂ ਤੱਤੀਆਂ ਹਵਾਵਾਂ
ਦੁਆਵਾਂ ਕਰਾਂ ਬੱਦਲਾਂ ਦਿਆਂ

ਜੇਠ ਹਾੜ ਵਿਚ ਜਦੋਂ ਨੇਹਰੀ
ਤੇ ਗਰਮੀ ਦਾ ਜ਼ੋਰ ਟੁੱਟਿਆ

ਲੋਕਾਂ ਘਰਾਂ ਦੇ ਸਮਾਨ ਨਵੇਂ ਬਦਲੇ
ਕਬਾੜੀਆਂ ਦੀ ਈਦ ਹੋ ਗਈ

ਐਸਾ ਜਿੱਤਿਆ ਮੈਦਾਨ ਸਾਡੇ ਮੁੰਡੀਆਂ
ਕਿ ਵੈਰੀਆਂ ਦੇ ਮੂੰਹ ਲਮਕੇ

ਅੱਖੀਂ ਵੇਖ ਵੇਖ ਮੋਹਰਾ ਕਿਵੇਂ ਖਾਈਏ
ਤੇ ਚੋਰੀ ਛੁਪੇ ਜਾਨ ਕੱਢ ਲਓ

ਜਿਹੜੇ ਪਿੰਡ ਕੋਲੋਂ ਨਹਿਰ ਕੋਈ ਲੰਘਦੀ
ਜਵਾਨ ਓਥੇ ਤਾਰੂ ਬਣਦੇ

ਪਿੰਡਾਂ ਸ਼ਹਿਰਾਂ ਦੇ ਰਿਵਾਜ ਵੱਖ ਵੱਖ ਨੇਂ
ਕਿਤੇ ਨੇਂ ਅੱਗ ਪਾਣੀ ਵਰਗੇ

ਅਸੀਂ ਇਹੋ ਜਿਹੇ ਵੀ ਚੱਕਰੀ ਵੇਖੇ
ਮਸੀਤਾਂ ਦੀ ਕਮਾਈ ਖਾ ਗਏ

ਕਦੀ ਜਲ ਥਲ ਇਕ ਹੋ ਜਾਵੇ
ਤੇ ਕਦੀ ਥਲ ਧੁੱਪੇ ਸੜਦਾ

ਕਦੀ ਐਬੀਆਂ ਦੇ ਐਬ ਲੁਕ ਜਾਂਦੇ
ਤੇ ਕਦੀ ਜਾਨੋਂ ਮਾਰ ਸੁੱਟਦੇ

ਡਾਂਗ ਆਪਣੀ ਵੀ ਮੰਜੀ ਥੱਲੇ ਫੇਰ ਲਓ
ਤੇ ਵੱਧ ਵੱਧ ਗੱਲਾਂ ਨਾ ਕਰੋ

ਜਦੋਂ ਕੁਰਸੀ ਲੁਟੇਰਿਆਂ ਨੇ ਖੋਹ ਲਈ
ਹਰਾਮੀਆਂ ਨੇਂ ਬਾਗ਼ ਲੁੱਟ ਲਏ

ਨਵੀਂ ਚੀਜ਼ ਕੋਈ ਸਾਹਮਣੇ ਨਹੀਂ ਆਉਂਦੀ
ਖ਼ਿਆਲਾਂ ਦੀ ਜੁਗਾਲ਼ੀ ਕਰ ਕੇ

ਫ਼ਿਰ ਬਾਕੀ ਦੀ ਸਿਲਾਈ ਵੀ ਨਹੀਂ ਟਿਕਦੀ
ਤਰੋਪੇ ਜਦੋਂ ਹੋਣ ਉਖੜੇ

ਜਾਣ ਵੈਰੀਆਂ ਦੇ ਕੋਲੋਂ ਤੇ ਬਚਾ ਲਈ
ਮੁਹਾਫ਼ਿਜ਼ਾਂ ਨੇ ਮਾਰ ਘੱਤਿਆ

ਕਿਵੇਂ ਨਿਆਂ ਦੀ ਉਮੀਦ ਅਸੀਂ ਰੱਖੀਏ
ਗਵਾਹੀਆਂ ਜਦੋਂ ਹੋਣ ਝੂਠੀਆਂ

ਤੁਹਾਨੂੰ ਉਂਜ ਵੀ ਨਹੀਂ ਅਸੀਂ ਚੰਗੇ ਲਗਦੇ
ਸਫ਼ਾਈਆਂ ਹੋਰ ਦਈਏ ਕਿੰਨੀਆਂ

ਕੋਈ ਰਾਹ ਚ ਸਬੀਲ ਬਣਾ ਦਓ
ਤੇ ਰਾਹੀਆਂ ਦੀਆਂ ਸੀਸਾਂ ਲੈ ਲਓ

ਉਹਨੇ ਐਸੀਆਂ ਅਦਾਵਾਂ ਨਾਲ਼ ਘੇਰਿਆ
ਮੈਂ ਉਹਦੇ ਜਾਲ਼ ਵਿਚ ਫਸਿਆ

ਉਹਨੇ ਇਹੋ ਜਿਹੇ ਵੱਲ ਛੱਲ ਕੀਤੇ
ਕਿ ਲੈਣੇ ਸਾਨੂੰ ਦੇਣੇ ਪੈ ਗਏ

ਇਸੇ ਫ਼ਿਕਰਾਂ ਚ ਵੈਰੀ ਸਾਨੂੰ ਸੁੱਟਿਆ
ਦਿਮਾਗ਼ਾਂ ਦੀਆਂ ਚੂਲਾਂ ਹਿਲੀਆਂ

ਮਿੱਠਾ ਬਣ ਕੇ ਤੇ ਫ਼ੈਦੇ ਉਹਨੇ ਚੁੱਕ ਲਏ
ਤੇ ਫ਼ਿਰ ਅੱਖਾਂ ਫੇਰ ਲਈਆਂ

ਯਾਰੀ ਲਾ ਕੇ ਬਹਾਰਾਂ ਉਹਨੇ ਲੁੱਟੀਆਂ
ਤੇ ਫ਼ਿਰ ਕੰਡੇ ਬੀਜਦਾ ਗਿਆ

ਉਹਨੇ ਰੱਜ ਕੇ ਤੇ ਮਨ ਮਾਨੀ ਕੀਤੀ
ਅਖ਼ੀਰ ਸਾਨੂੰ ਕੁੰਡ ਦੇ ਗਿਆ

ਬੜਾ ਬਣਦਾ ਸੀ ਇੱਜ਼ਤਾਂ ਵਾਲਾ
ਨਗੱਲਾ ਈ ਅਖ਼ੀਰ ਨਿਕਲਿਆ

ਬੜੇ ਬਣਦੇ ਸੀ ਜੱਗੋ ਤੇ ਹਲਾਕੂ
ਤੇ ਮਿੱਟੀ ਵਿਚ ਮਿੱਟੀ ਹੋ ਗਏ

ਕਨ ਰੱਸਿਆ ਏ ਕੋਈ ਰੰਗ ਰੱਸਿਆ
ਤੇ ਬੈਲੀ ਕੈਸੇ ਕੈਸੇ ਆਪਣੇ

ਲਕੀਂ ਬੰਨਹ ਕੇ ਰੇਸ਼ਮੀ ਲਾਚੇ
ਜਵਾਨ ਕਹਿੰਦੇ ਮੇਲਾ ਤੱਕਣਾਂ

ਕੋਈ ਲਹੌਰ ਤੇ ਕਰਾਚੀ ਤਕ ਜਾਵੇ
ਤੇ ਕੋਈ ਪਿੰਡੋਂ ਬਾਹਰ ਨਾ ਗਿਆ

ਰੇੜ੍ਹੇ ਟਾਂਗੇ ਬੱਸਾਂ, ਕਿਤੇ ਖੋਤੀ ਰੇੜ੍ਹੀ
ਸਵਾਰੀ ਇਥੇ ਰੰਗ ਰੰਗ ਦੀ

ਉਹਨੇ ਪੂਰੀ ਤਰ੍ਹਾਂ ਗੱਲ ਵੀ ਨਹੀਂ ਸਮਝੀ
ਨਿਤਾਰਾ ਜਿਹਨੇ ਕੀਤਾ ਗੱਲ ਦਾ

ਯਾਰਾਂ ਬੇਲੀਆਂ ਸਜਾਈ ਜਦੋਂ ਮੰਡਲੀ
ਤੇ ਗੱਲਾਂ ਵਿਚੋਂ ਗੱਲ ਨਿਕਲੀ

ਚਲੋ ਬੋਲੀਆਂ ਚ ਕਰੋ ਗੱਲਾਂ ਬਾਤਾਂ
ਕਿ ਨਵੀਂ ਕੋਈ ਗੱਲ ਨਿਕਲੇ

ਮੇਰਾ, ਮਾਲਿਨੀ, ਮੋਨੀਕਾ ਯਾ ਮਨੋਰੀ
ਇਹ ਸਾਰੀਆਂ ਨੇਂ ਫੁੱਲ ਕਲੀਆਂ

ਵੇਲ੍ਹੇ ਬਹਿਣ ਨਾਲੋਂ ਕੰਮ ਕੋਈ ਕਰ ਲਓ
ਨਾ ਐਵੇਂ ਤੁਸੀਂ ਮਾਰੋ ਮੱਖੀਆਂ

ਜਿਹੜੇ ਵਰ੍ਹਿਆਂ ਦੇ ਸਾਥੀ ਸਨ ਸਾਡੇ
ਮੁਖ਼ਾਲਫ਼ਾਂ ਦੇ ਨਾ.ਲ ਰਲ ਗਏ

ਮਿਲੇ ਕਦੀ ਕਦੀ ਨਰ ਬੰਦਾ ਜੱਗ ਤੇ
ਤੇ ਉੱਲੂ ਬਾਟੇ ਲੱਖਾਂ ਮਿਲਦੇ

ਕਦੀ ਖੇਡਣੇ ਸਾਂ ਬਾਲਾਂ ਦੀਆਂ ਖੇਡਾਂ
ਤੇ ਬਾਲਾਂ ਨਾਲ਼ ਬਾਲ ਬਣ ਕੇ

ਚੰਨ ਚੌਧਵੀਂ ਦਾ ਖਿੜ ਖਿੜ ਹੱਸਿਆ
ਤੇ ਕਿਰਨਾਂ ਦੀ ਝੜੀ ਲੱਗ ਗਈ

ਇਸੇ ਰਸ਼ ਚ ਸਵਾਰੀ ਸਾਡੀ ਫਸ ਗਈ
ਕਿ ਸਾਹ ਲੈਣਾ ਔਖਾ ਹੋ ਗਿਆ

ਤੂੰ ਤੇ ਗੱਲ ਦਾ ਖਲ੍ਹਾਰ ਕਰ ਛੱਡਿਆ
ਸਮੇਟਾਂ ਹੁਣ ਕਿਵੇਂ ਗੱਲ ਨੂੰ

ਵਾਅਦਾ ਕੀਤਾ ਈ ਤੇ ਤੋੜ ਵੀ ਨਿਭਾਵੀਂ
ਬਦੀਦਾਂ ਵਾਲੀ ਗੱਲ ਨਾ ਕਰੀਂ

ਛੱਡ ਸਾਰੀਆਂ ਮਜ਼ਾਜੀ ਗੱਲ ਬਾਤਾਂ
ਹਕੀਕਤਾਂ ਦੀ ਰਾਹ ਮੱਲ ਲੈ

ਅੱਗੇ ਵਧਣਾਂ ਈ ਤੇ ਕਰ ਜ਼ਰਾ ਹਿੰਮਤਾਂ
ਖ਼ੁਸ਼ਾਮਦਾਂ ਤੋਂ ਕੀ ਲੱਭਣਾਂ

ਜਦੋਂ “ਤੇਰਾ ਮੇਰਾ” ਹੋਇਆ ਘਰ ਸਾਡੇ
ਤੇ ਵੇਹੜ੍ਹੇ ਵਿਚ ਕੰਧਾਂ ਉਗੀਆਂ

ਜਿਹੜੀ ਬੇੜੀ ਡੁੱਬਣਾ ਚਾਹਵੇ
ਮਲਾਹਵਾਂ ਤੋਂ ਵੀ ਨਹੀਂ ਤੁਰਦੀ

ਜਿਹਨਾਂ ਖਾਹਦੀ ਏ ਗ਼ਰੀਬਾਂ ਦੀ ਕਮਾਈ
ਸਜ਼ਾਵਾਂ ਤੋਂ ਉਹ ਨਹੀਓਂ ਬਚਦੇ

ਕੱਲੇ ਕਾਜ਼ੀ ਨੇ ਨਿਆਂ ਕਾਹਦਾ ਕਰਨਾਂ
ਗਵਾਹਵਾਂ ਉਤੇ ਗੱਲ ਮੁੱਕਦੀ

ਜਦੋਂ ਚੜ੍ਹਦੇ ਨੇਂ ਬੱਦਲ਼ ਅਸਮਾਨੀਂ
ਫ਼ਿਜ਼ਾਵਾਂ ਨੂੰ ਸ਼ਰਾਬੀ ਕਰਦੇ

ਪਹਿਲਾਂ ਸਭਨਾਂ ਨੂੰ ਇਕੋ ਜਿਹਾ ਸਮਝੋ
ਅਕੀਦਿਆਂ ਦੀ ਗੱਲ ਬਾਅਦ ਦੀ

ਇਕ ਜੱਜ ਨੂੰ ਖ਼ਰੀਦਣਾ ਸੀ ਚੋਰਾਂ
ਖ਼ਜ਼ਾਨਿਆਂ ਦੇ ਮੂੰਹ ਖੁੱਲ ਗਏ

ਉਹਦੇ ਦਿਲ ਨੂੰ ਤਸੱਲੀ ਕਿਵੇਂ ਹੋਵੇ
ਫ਼ਰਾਡ ਜਿਹਦੇ ਨਾਲ਼ ਹੋ ਗਿਆ

ਵੋਟਾਂ ਪਾਣ ਦਾ ਐਲਾਨ ਜਦੋਂ ਹੋਇਆ
ਸਿਆਸੀ ਰੰਗ ਬਾਜ਼ ਜਾਗ ਪਏ

ਨਾਅਰੇ ਲਾਏ ਨੇਂ ਜਵਾਨਾਂ ਗਜ ਵੱਜ ਕੇ
ਜਦੋਂ ਭੀ ਕੋਈ ਮੈਚ ਜਿੱਤਿਆ

ਤੁਸੀਂ ਚਾਹੁੰਦੇ ਓ ਜੇ ਸੁੱਖ ਨਾਲ਼ ਵਸਨਾਂ
ਮੁਨਾਫ਼ਿਕਾਂ ਨੂੰ ਦੂਰ ਰੱਖਣਾਂ

ਕਦੀ ਐਸੀ ਨਾ ਲੜਾਈ ਕੋਈ ਲੜੀਏ
ਕਿ ਜਿਹਦੇ ਵਿਚ ਆਪੋਂ ਮਰੀਏ

ਜੱਦੋਜਹਿਦ ਅਸਾਂ ਰੋਕੀ ਨਹੀਂ ਆਪਣੀ
ਬਸ਼ਾਰਤਾਂ ਕਦੀ ਤੇ ਮਿਲਸਨ

ਦਿਲੋਂ ਹੋ ਕੇ ਫ਼ਿਰ ਮਹਿੰਤਾਂ ਉਹ ਕਰਦਾ
ਕਿ ਹੱਲਾਸ਼ੇਰੀ ਜਿਹਨੂੰ ਮਿਲਦੀ

ਖੁੱਲੇ ਦਿਲਾਂ ਵਾਲੇ ਫੇਜ਼ ਬੜੇ ਪਾਉਂਦੇ
ਕਮੀਨਗੀ ਨੂੰ ਭਾਗ ਕੋਈ ਨਹੀਂ

ਜ਼ੂਦ ਗੋਈ ਮੈਥੋਂ ਜ਼ਰਾ ਵੀ ਨਹੀਂ ਹੁੰਦੀ
ਕਸੀਦੇ ਕਿਵੇਂ ਲਿੱਖਾਂ ਸੱਜਣੋ

ਈਦ ਲੰਘ ਗਈ ਤੇ ਫਾਵਾ ਸਾਨੂੰ ਕਰ ਗਈ
ਥਕਾਵਟਾਂ ਨੇ ਮਾਰ ਸੁੱਟਿਆ

ਸਾਡੇ ਵੇਖਦਿਆਂ ਲੱਖਾਂ ਲੋਕੀ ਮਰ ਗਏ
ਕਰੋੜਾਂ ਨੇ ਵੀ ਕਦੋਂ ਬਚਨਾਂ

ਕਿਵੇਂ ਜਾਣ ਬਚਾਈਏ ਅਸੀਂ ਆਪਣੀ
ਕੁਪੱਤੀਆਂ ਦੇ ਵੱਸ ਪੈ ਗਏ

ਸਾਡੇ ਰੋਗਾਂ ਨੂੰ ਇਹ ਹੋਰ ਵੀ ਵਧਾਵਣ
ਦਵਾਈਆਂ ਦਾ ਵੀ ਹਾਲ ਕੋਈ ਨਹੀਂ

ਮੇਲਾ ਭਰਿਆ ਵਫ਼ਾਵਾਂ ਦਾ ਉਜਾੜਿਆ
ਹਨੇਰ ਪਾਇਆ ਵੈਰੀਆਂ ਨੇਂ

ਮੋਇਆਂ ਹੋਇਆਂ ਨੂੰ ਇਹ ਮਾਰਦੇ ਨੇਂ ਹੋਰ ਵੀ
ਅਜੀਬ ਨੇਂ ਰਿਵਾਜ ਸ਼ਹਿਰ ਦੇ

ਐਸਾ ਦਿਲ ਉਹਦਾ ਦੁਨੀਆ ਤੋਂ ਉਠਿਆ
ਫ਼ਕੀਰੀ ਵਾਲਾ ਚੋਲਾ ਪਾ ਲਿਆ

ਸਾਡੀ ਬੀੜੀ ਨਹੀਂ ਜੇ ਕੱਲੀ ਕੱਲੀ ਤਰਦੀ
ਕਿ ਨਾਲ਼ ਇਹਦੇ ਨਹਿਰ ਚੱਲਦੀ

ਮਿੱਠੀ ਸ਼ਹਿਦ ਨਾਲੋਂ ਚੀਜ਼ ਨਾ ਕੋਈ
ਤੇ ਤੁੰਮੇ ਜਿਹਾ ਕੌੜਾ ਕੋਈ ਨਾ

ਉਹ ਅਖ਼ੀਰ ਇਸੇ ਈ ਧਰਤੀ ਤੇ ਡਿਗਦੇ
ਹਵਾਵਾਂ ਵਿਚ ਜਿਹੜੇ ਉਡਦੇ

ਜਿਹੜੇ ਸੱਜਣਾਂ ਨੇ ਮੱਲੀਆਂ ਨੇਂ ਕਬਰਾਂ
ਮਾਫ਼ ਕਰੇ ਰੱਬ ਉਨ੍ਹਾਂ ਨੂੰ

ਸਾਫ਼ ਪਾਣੀ ਬੜਾ ਵੱਡਾ ਇਨਾਮ ਐਂ
ਕਦੀ ਨਾ ਇਹਨੂੰ ਜ਼ਾਇਆ ਕਰੀਏ

ਇੰਜ ਬਾਗਾਂ ਵਿਚ ਪੁੰਘਰੀਆਂ ਕਲੀਆਂ
ਕਿ ਟਹਿਣੀਆਂ ਨੂੰ ਭਾਗ ਲੱਗ ਗਏ

## ਮਜ਼ਾਹੀਆ ਬੋਲੀਆਂ

ਉਹਦੇ ਰੋਣ ਤੇ ਜੁਗਤ ਕਿਸੇ ਮਾਰੀ
ਤੇ ਹਾਸੇ ਵਿਚ ਗੱਲ ਪੈ ਗਈ

ਬੜਾ ਫਿੱਕਾ ਰਿਹਾ ਕੱਲ੍ਹ ਦਾ ਮੁਸ਼ਾਇਰਾ
ਕਿ ਸ਼ਾਇਰਾ ਨਾ ਆਈ ਕੋਈ ਵੀ

ਐਸਾ ਭਰਵਾਂ ਸੀ ਆਲਮੀ ਮੁਸ਼ਾਇਰਾ
ਕਿ ਸਾਰੇ ਈ ਮੁਕਾਮੀ ਲੋਕ ਸਨ

ਬੁਢੇ ਵਾਰੇ ਨਵਾਂ ਵਿਆਹ ਕਰ ਬੈਠਾ ਏ
ਅਕਾਊਂਟ ਸਾਰਾ ਖ਼ਾਲੀ ਹੋ ਗਿਆ

ਅੱਜ ਜਾਣਾ ਐਤਵਾਰ ਬਜ਼ਾਰੇ
ਕਿ ਓਥੇ ਬੜਾ ਕੁਝ ਲੱਭਦਾ

ਧੋਤੀ ਬੱਨ੍ਹ ਕੇ ਉਹ ਬਾਹਰ ਆਇਆ
ਹਵਾਵਾਂ ਨੇ ਵੀ ਖਾਹਦੀ ਗਰਮੀ

ਪੈਸੇ ਮੰਗਦੇ ਨੇਂ ਚੌਕਾਂ ਵਿਚ ਖੁਸਰੇ
ਅਦਾਵਾਂ ਨਾਲ਼ ਗੱਲਾਂ ਕਰਦੇ

ਕਈਆਂ ਲੋਕਾਂ ਓਥੇ ਨੀਂਦ ਪੂਰੀ ਕਰ ਲਈ
ਮੁਸ਼ਾਇਰਾ ਐਡਾ ਲੰਮਾਂ ਹੋ ਗਿਆ

ਢਿੱਡ ਹੱਦੋਂ ਜੱਦੀ ਵੱਧ ਜਾਏ ਸੱਜਣੋ
ਘਟਾਉਣ ਵਾਲਾ ਚਾਰਾ ਕਰੀਏ

ਕੱਚੀ ਲੱਸੀ ਦਾ ਵਧਾਣਾ ਕਿਹੜਾ ਔਖਾ
ਕਿ ਜਿੰਨਾ ਚਾਹੋ ਪਾਣੀ ਪਾਈ ਜਾਓ

ਕੱਚੀ ਲੱਸੀ ਤੇ ਲੜਾਈ ਇਕੋ ਸ਼ੈ ਨੇਂ
ਕਿ ਦੋਹਵਾਂ ਨੂੰ ਵਧਾਣਾ ਸੌਖਾ ਏ

ਸਾਡੇ ਯਾਰ ਵਿਚ ਇਕੋ ਏ ਖ਼ਰਾਬੀ
ਦਿਮਾਗ਼ ਵਾਲਾ ਖ਼ਾਨਾ ਖ਼ਾਲੀ ਏ

ਕੋਕਾ ਕੋਲ਼ਾ ਜਿਹਾ ਲੱਕ ਉਹਦਾ ਪਤਲਾ
ਤੇ ਫੁੱਲ ਕੇ ਡਰੰਮ ਬਣਿਆ

ਜਦੋਂ ਮੇਕਅਪ ਉਤੇ ਲੱਗੀਆਂ ਪਬੰਦੀਆਂ
ਬਜ਼ਾਰਾਂ ਚ ਉਜਾੜ ਪੈ ਗਈ

ਜਿਹਨੂੰ ਗ਼ਮ ਨਹੀਂ ਹਯਾਤੀ ਵਿਚ ਕੋਈ
ਉਹ ਦੂਸਰਾ ਵਿਆਹ ਕਰ ਲਏ

ਮਾਵਾਂ ਐਸੀਆਂ ਨੇਂ ਠੰਢੀਆਂ ਛਾਵਾਂ
ਕਿ ਧੁੱਪਾਂ ਤੋਂ ਬਚਾਣ ਸੱਭ ਨੂੰ

## ਰਿਸ਼ਤੇਦਾਰਾਂ ਦੀਆਂ ਬੋਲੀਆਂ

ਮਾਵਾਂ ਐਸੀਆਂ ਨੇਂ ਠੰਢੀਆਂ ਛਾਵਾਂ
ਕਿ ਧੁੱਪਾਂ ਤੋਂ ਬਚਾਣ ਸੱਭ ਨੂੰ

ਸੌਹਰਾ ਮਾੜਾ ਏ ਤੇ ਸੱਸ ਉਹਦੀ ਤਗੜੀ
ਉਹ ਦੋਹਵਾਂ ਨੂੰ ਈ ਖ਼ੁਸ਼ ਰੱਖਦੀ

ਕੱਲੀ ਭਾਬੀ ਤੇ ਦਿਓਰ ਪੰਜ ਸੱਤ ਨੇਂ
ਉਹ ਸਾਰਿਆਂ ਦੇ ਲਾਡ ਤੱਕਦੀ

ਕਦੀ ਨੂੰਹਾ ਦਾ ਨਾ ਹੋਵੇ ਕੋਈ ਝਗੜਾ
ਜੇ ਸੱਸ ਨੂੰ ਉਹ ਮਾਂ ਸਮਝੇ

ਭਾਬੀ ਇੱਕ ਤੇ ਨਨਾਣਾਂ ਦੀ ਕਤਾਰ ਏ
ਉਹ ਇਹਨਾਂ ਵਿਚ ਹੋ ਗਈ ਕਮਲੀ

ਮਾਪੇ ਰੁਲ਼ ਗਏ ਵਿਚ ਕੇ ਬੁੜ੍ਹੇਪੇ
ਕਮਾਊ ਪੁੱਤ ਨੋਹਵਾਂ ਮੱਲ ਲਏ

ਚੌਥੀ ਧੀ ਜਦੋਂ ਉਹਦੇ ਘਰ ਜਮ ਪਈ
ਜਵਾਨੀ ਚ ਬੁੜ੍ਹੇਪਾ ਆ ਗਿਆ

ਭੈਣਾਂ ਭਾਈਆਂ ਵਿਚ ਫਿੱਕ ਜਦੋਂ ਪੈ ਗਈ
ਤੇ ਮਾਪਿਆਂ ਦਾ ਘਰ ਵਿਕਿਆ

ਦਾਦੇ ਦਾਦੀ ਨੂੰ ਮੈਂ ਤੰਗ ਜਦੋਂ ਕੀਤਾ
ਤੇ ਗਾਲ੍ਹਾਂ ਦਾ ਸੁਆਦ ਆ ਗਿਆ

ਸੇਵਾ ਮਾਪਿਆਂ ਦੀ ਰੱਜ ਰੱਜ ਕਰ ਕੇ
ਦੁਆਵਾਂ ਦੇ ਸੰਦੂਕ ਭਰ ਲਓ

ਮਾਸ ਨੋਹਵਾਂ ਨਾਲੋਂ ਵੱਖ ਨਹੀਂ ਹੁੰਦਾ
ਤੇ ਏਸਰਾਂ ਈ ਮਾਂ ਜਾਏ ਵੀ

ਕਾਹਨੂੰ ਏਡਾ ਤੂੰ ਮੁਟਾਪਾ ਗਲ ਪਾ ਲਿਆ
ਨੀ ਭਾਭੀ ਕੁੱਝ ਗ਼ੌਰ ਕਰ ਲੈ

ਤੇਰਾ ਢਿੱਡ ਕਾਹਨੂੰ ਵਧਦਾ ਜਾਵੇ
ਵੇ ਭਾਈਆ ਤੈਨੂੰ ਕੀ ਬਣਿਆਂ

ਦੂਜੇ ਰਿਸ਼ਤੇ ਵੀ ਸਾਰੇ ਬੜੇ ਪਿਆਰੇ
ਤੇ ਮਾਵਾਂ ਦੀ ਏ ਖਿੱਚ ਵੱਖਰੀ

ਧੰਨ ਹੌਸਲਾ ਏ ਮਾੜਿਆਂ ਦੀ ਮਾਂ ਦਾ
ਉਹ ਜਿਵੇਂ ਪੂਰਾ ਘਰ ਟੋਰਦੀ

ਮਾਵਾਂ ਹੁੰਦੀਆਂ ਅਨਾਜਾਂ ਦੀਆਂ ਫ਼ਸਲਾਂ
ਤੇ ਬਾਪ ਹੁੰਦੇ ਬੈਂਕਾਂ ਵਰਗੇ

ਸ਼ਾਲਾ ਮਰੇ ਨਾਂ ਜਵਾਨ ਕੋਈ ਬਚੜਾ
ਕਿ ਮਾਪਿਆਂ ਦਾ ਲੱਕ ਟੁੱਟਦਾ

ਮਾਵਾਂ ਸ਼ੁਕਰ ਦੁਪਹਿਰਾਂ ਦੀਆਂ ਛਾਵਾਂ
ਤੇ ਪਿਓ ਹੁੰਦੇ ਬਾਗਾਂ ਵਰਗੇ

ਮਾਵਾਂ ਹੋਣ ਜਿਵੇਂ ਖਾਣਿਆਂ ਦੇ ਢਾਬੇ
ਤੇ ਪਿਓਵਾਂ ਨਾਲ਼ ਚੁੱਲ੍ਹੇ ਬੱਲਦੇ

ਭੈਣਾਂ ਖ਼ੁਸ਼ੀਆਂ ਦੇ ਨਾਲ਼ ਪਾਨ ਜੱਲੀਆਂ
ਤੇ ਵੀਰ ਜਦੋਂ ਘੋੜੀ ਚੜ੍ਹਦੇ

ਸਾਰੇ ਕਮਰੇ ਚ ਚਾਨਣ ਹੁੰਦਾ
ਤੇ ਵੋਹਟੀ ਜਦੋਂ ਘੁੰਡ ਚੁੱਕਦੀ

ਬੱਚੇ ਮਾਪਿਆਂ ਦੀ ਕਰਨ ਜਾਸੂਸੀ
ਅਨੋਖਾ ਈ ਜ਼ਮਾਨਾ ਆ ਗਿਆ

ਜੰਗਾਂ ਲੱਗੀਆਂ, ਤਬਾਹੀਆਂ ਅੱਗ ਲਾਈ
ਸੁਹਾਗਣਾਂ ਵੀ ਹੋਇਆਂ ਰੰਡੀਆਂ

ਭਾਈਆ ਖਾਵੇ ਨਾਲੇ ਹੱਸ ਹੱਸ ਬੋਲੇ
ਪਕਾਂਦੀ ਜਦੋਂ ਭਾਬੀ ਜ਼ਰਦਾ

ਸ਼ਾਲਾ ਮਾਂ ਮਤਰਈ ਨਾਂ ਹੋਵੇ
ਕਿ ਰੁਲ਼ ਜਾਂਦੇ ਬਾਲ ਕਮਲੇ

ਮੇਰੇ ਮਾਪਿਆਂ ਨੂੰ ਬੋਲੀਂ ਨਾ ਵੇ ਮੰਦੜਾ
ਤੂੰ ਮੇਰੇ ਭਾਵੇਂ ਸਾਹ ਖਿੱਚ ਲੈ

ਛੁੱਟੀ ਲੈ ਕੇ ਪ੍ਰਦੇਸ ਆ ਜਾ
ਕਿ ਸਾਨੂੰ ਤੇਰੀ ਲੋੜ ਬਾਬਲਾ!

ਕਭੀ ਐਸੀ ਭੀ ਇਬਾਦਤ ਕੀਜੀਏ
ਸਵਾਬ ਚਾਹੇ ਮਿਲੇ ਨਾ ਮਿਲੇ

## ਉਰਦੂ ਬੋਲੀਆਂ

ਕੋਈ ਐਸੀ ਭੀ ਦਲੀਲ ਕੋਈ ਲਾਏ
ਕਿ ਸਰੇ ਤਸਲੀਮ ਖ਼ਮ ਹੋ

ਬਾਗ਼ ਐਸਾ ਕੋਈ ਦੇਖਣੇ ਕੋ ਚਲੀਏ
ਕਿ ਜਿਸ ਮੈਂ ਨਾ ਭੀੜ ਹੋ ਕੋਈ

ਮੈਂ ਨਾ ਚਾਹੂੰ ਕਿ ਕਭੀ ਉਸੇ ਰੋਕੂੰ
ਕਿ ਜਬ ਵੋਹ ਦਿਖਾਏ ਨਖ਼ਰੇ

ਦੀਏ ਉਸ ਨੇ ਗੁਲਾਬ ਮੁਝੇ ਸੱਜਰੇ
ਨਿਗਾਹੋਂ ਮੈਂ ਸ਼ਰਾਬ ਭਰ ਕੇ

ਕਭੀ ਕਲੀਆਂ ਵੋਹ ਭੇਜੇ ਕਭੀ ਗਜਰੇ
ਪੇ ਮਿਲਣੇ ਪਾ ਬਾਤ ਨਾ ਕਰੇ

ਰਹੇ ਦੁਨੀਆ ਮੈਂ ਨਾਮ ਸਦਾ ਉਨ ਕਾ
ਬਖੇਰੇਂ ਜੋ ਹਮੇਸ਼ਾ ਖ਼ੁਸ਼ੀਆਂ

ਕਭੀ ਐਸੀ ਭੀ ਇਬਾਦਤ ਕੀਜੀਏ
ਸਵਾਬ ਚਾਹੇ ਮਿਲੇ ਨਾ ਮਿਲੇ

ਹੋਨੇ ਲਗਤਾ ਹੈ ਸ਼ੁਬਾ ਕੁਛ ਖ਼ੁਦ ਪੇ
ਵਕੀਲੋਂ ਕੀ ਦਲੀਲੀਂ ਸੁਣ ਕੇ

ਟੀ ਵੀ ਵਾਲੋਂ ਕੀ ਹੈਂ ਆਪਨੀ ਸਦਆਏਂ
ਸਹਾਫ਼ਿਓਂ ਕੇ ਰਾਗ ਅਪਨੇ

ਸਾਖ ਅਪਨੀ ਬਨਾਨੀ ਹੈ ਜੋ ਵੱਖਰੀ
ਸਿਆਸੀ ਅਲਫ਼ਾਜ਼ ਸੀਖ ਲੇ

ਵਕਤ ਕਿਸੀ ਕੋ ਮਾਫ਼ ਨਹੀਂ ਕਰਤਾ
ਹਮੇਸ਼ਾ ਯੇ ਖ਼ਿਆਲ ਰੱਖਨਾ

ਤੇਰਾ ਚਿਹਰਾ ਨਹੀਂ ਆਤਾ
ਛੁਪਾ ਹੈ ਕਹਾਂ ਤੂੰ ਸੱਜਨਾ

ਦਾਗ਼ ਅਪਨੇ ਦਿਖਾਏਂ ਹਮ ਕਿਸ ਕੋ
ਕੋਈ ਭੀ ਗ਼ਮ ਖ਼ਾਰ ਨਹੀਂ

ਮੇਰੀ ਬਸਤੀ ਕੀ ਨਹਿਰ ਹੈ ਪਿਆਰੀ
ਨਹਾਤੇ ਹੈਂ ਜਿਆਲੇ ਇਸ ਮੇਂ

ਖਿਲੇ ਟਿਹਨੀਓਂ ਪੇ ਹਰ ਸੂ ਗ਼ੁੰਚੇ
ਬਿਹਾਰ ਕਾ ਜ਼ਮਾਨਾ ਆ ਗਿਆ

ਕੈਸੀ ਖ਼ੁਸ਼ਕੁਨ ਆਸ ਦਿਲਾਏਂ
ਗੁਲਾਬ ਜੈਸੇ ਹੋਂਟ ਉਸਕੇ

ਸੋਹਣਾ ਵੇਲ਼ਾ ਮੇਰਾ ਸ਼ਾਇਰਾਂ ਚ ਲੰਘਦਾ
ਕਲੱਬਾਂ ਨੂੰ ਮੈਂ ਕੀ ਕਰਨਾਂ

## ਕੁਝ ਜ਼ਾਤੀ ਬੋਲੀਆਂ

ਸਾਲ 37 ਜਿਹੜੇ ਦੋਹਾ ਵਿਚ ਗੁਜ਼ਰੇ
ਭੁਲਾਇਆਂ ਵੀ ਉਹ ਨਹੀਂ ਭੁੱਲਦੇ

ਸੋਹਣਾ ਵੇਲ਼ਾ ਮੇਰਾ ਸ਼ਾਇਰਾਂ ਚ ਲੰਘਦਾ
ਕਲੱਬਾਂ ਨੂੰ ਮੈਂ ਕੀ ਕਰਨਾਂ

ਸ਼ਹਿਰ ਦੁਨੀਆ ਦੇ ਵਿਚ ਨੇਂ ਹਜ਼ਾਰਾਂ
ਲਹੌਰ ਦੀਆਂ ਸ਼ਾਨਾਂ ਉੱਚੀਆਂ

## ਲਾਹੌਰ ਬਾਰੇ ਬੋਲੀਆਂ

ਸ਼ਹਿਰ ਦੁਨੀਆ ਦੇ ਵਿਚ ਨੇਂ ਹਜ਼ਾਰਾਂ
ਲਹੌਰ ਦੀਆਂ ਸ਼ਾਨਾਂ ਉੱਚੀਆਂ

ਉੱਚੇ ਬੁਰਜ ਲਹੌਰ ਦੇ ਨੇਂ ਐਸੇ
ਕਿ ਮੀਲਾਂ ਤੋਂ ਵੀ ਦੂਰੋਂ ਦਿਸਦੇ

ਸ਼ਾਲਾ ਵੱਸੇ ਮੇਰੇ ਦਾਤਾ ਦੀ ਇਹ ਨਗਰੀ
ਕਿ ਉਸੇ ਨਾਲ਼ ਸ਼ਾਨ ਸਭ ਦੀ

ਰਾਵੀ ਵਗਦਾ ਏ ਲਹੌਰੋਂ ਲਹਿਰਾ ਕੇ
ਤੇ ਲੱਖਾਂ ਨੂੰ ਸੇਰਾਬ ਕਰਦਾ

ਜੇ ਨਹੀਂ ਵੇਖਿਆ ਚਿਰਾਗ਼ਾਂ ਵਾਲਾ ਮੇਲਾ
ਤੇ ਕਾਹਦਾ ਤੂੰ ਲਹੌਰੀ ਬਣਨਾ ਐਂ

ਸ਼ਹਿਰ ਲਹੌਰ ਦੀਆਂ ਧੁੰਮਾਂ ਹਰ ਪਾਸੇ
ਕਿਤੇ ਵੀ ਇਹਦਾ ਜੋੜ ਕੋਈ ਨਾ

ਲਹੌਰ ਸ਼ਹਿਰ ਵਿਚ ਐਸੀ ਆਈ
ਪਲਾਜ਼ਿਆਂ ਦੇ ਲੈਨ ਲੱਗ ਗਈ

ਆਲੀਸ਼ਾਨ ਨੇਂ ਲਹੌਰ ਦੇ ਇਲਾਕੇ
ਇਮਾਰਤਾਂ ਵੀ ਸ਼ਾਨਾਂ ਵਾਲੀਆਂ

ਗੱਲ ਸੱਚੀ ਏ ਸੁਆਦ ਹੁੰਦਾ ਵੱਖਰਾ
‘‘ਮਨਾਲ’’ ਵਿਚ ਖਾਣਾ ਖਾਣ ਦਾ

ਕੱਠੇ ਰਲ ਕੇ ‘‘ਅਨਾਰਕਲੀ’’ ਚਲੀਏ
ਖ਼ਰੀਦਣਾ ਤੇ ਕੁੱਝ ਵੀ ਨਹੀਂ

ਕਿਵੇਂ ਸ਼ਹਿਰ ਚ ਗੁਜ਼ਾਰਾ ਹੋਵੇ
ਕਿ ਚੰਗੇ ਨਹੀਂ ਹਾਲਾਤ ਸ਼ਹਿਰ ਦੇ

ਕਦੀ ਲਹੌਰ ਦੀ ਬਸੰਤ ਸੀ ਮਿਸਾਲੀ
ਤੇ ਸ਼ਹਿਰ ਹੁਣ ਸੁੰਜਾ ਹੋ ਗਿਆ

ਜ਼ਿੰਦਾ ਦਿਲਾਂ ਦਾ ਲਹੌਰ ਐਸਾ ਸ਼ਹਿਰ ਏ
ਕਿ ਸਾਰੇ ਇਹਨੂੰ ਪਿਆਰ ਕਰਦੇ

ਯਾਦਗਾਰੀ ਨੇਂ ਲਹੌਰ ਦੇ ਮੇਲੇ
ਇਹ ਹੋਰ ਕਿਤੇ ਨਹੀਂ ਜੇ ਲੱਭਣੇ

ਇਸੇ ਲਹੌਰ ਦੇ ਨਜ਼ਾਰੇ ਨੇਂ ਨਸ਼ੀਲੇ
ਨਿਗਾਹਵਾਂ ਨੂੰ ਸਰੂਰ ਆ ਗਿਆ

ਲਹੌਰ ਮਨਜ਼ਰਾਂ ਦਾ ਐਸਾ ਗੁਲਦਸਤਾ
ਕਿ ਫੁੱਲ ਜਿਹਦੇ ਸਾਰੇ ਸੱਜਰੇ

ਉੱਚੀ ਸ਼ਾਨ ਵਾਲੇ ''ਪੀ ਸੀ'' ਤੇ ''ਫ਼ਲੈਟੀਜ਼''
''ਮੋਨਾਲ'' ਦਾ ਏ ਮਜ਼ਾ ਵੱਖਰਾ

ਡਾਢੇ ਰੰਗਲੇ ਨੇਂ ਲਹੌਰ ਦੇ ਨਜ਼ਾਰੇ
ਇਹ ਸ਼ਹਿਰ ਸਾਡਾ ਬਾਗਾਂ ਵਰਗਾ

ਸੈਰ ਗਾਹਵਾਂ ਮੇਰੇ ਲਹੌਰ ਦੀਆਂ ਸੱਜਣੋ
ਨਜ਼ਾਰਿਆਂ ਦੇ ਨਾਲ਼ ਭਰੀਆਂ

ਜ਼ਰਾ ਵੇਖ ਸ਼ਾਲਾਮਾਰ ਦੇ ਨਜ਼ਾਰੇ
ਇਹ ਸਮਾਂ ਹੋਰ ਕਿੱਥੇ ਲੱਭਣਾਂ

ਮਾਲ ਰੋਡ ਦੀਆਂ ਕਰਾਂ ਕੀ ਤਰੀਫ਼ਾਂ
ਲਹੌਰ ਦੀ ਇਹ ਸ਼ਾਨ ਸਮਝੋ

ਸ਼ਾਲਾਮਾਰ ਦੇ ਨਜ਼ਾਰਿਆਂ ਤੋਂ ਵੱਧ ਕੇ
ਨਜ਼ਾਰੇ ਸਾਰੀ ਦੁਨੀਆ ਚ ਨਹੀਂ

ਸ਼ਾਲਾਮਾਰ ਦੇ ਨਜ਼ਾਰਿਆਂ ਦੇ ਗਜਰੇ
ਕਲਾਈਆਂ ਵਿਚ ਰਹਿੰਦੇ ਸੱਜਰੇ

ਸੁਬ੍ਹਾ ਸ਼ਾਮ ਸਾਡੇ ਰਾਵੀ ਦੇ ਕਿਨਾਰੇ
ਫ਼ਜ਼ਾ ਏ ਬੜੀ ਪਿਆਰੀ ਮਿਲਦੀ

ਕੈਸੀ ਵਗਦੀ ਏ ਸੋਹਣੀ ਤੇ ਨਸ਼ੀਲੀ
ਇਹ ਨਹਿਰ ਸਾਡੇ ਲਹੌਰ ਸ਼ਹਿਰ ਦੀ

ਜ਼ਿੰਦਾ ਦਿਲੀ ਏ ਪਛਾਣ ਸਾਡੀ ਸੱਜਣੋ
ਕਿ ਅਸੀਂ ਲਹੌਰੀ ਗਭਰੂ

ਉਹੋ ਲਹੌਰ ਵਿਚ ਆਨੀ ਜਾਣੀ ਰਖਦਾ
ਕਿ ਜਿਹਦਾ ਇਥੇ ਦਿਲ ਰੁਝਦਾ

ਦਾਤਾ ਸਾਹਿਬ ਦੇ ਮਜ਼ਾਰ ਦੀਆਂ ਸ਼ਾਨਾਂ
ਕਿਤੇ ਵੀ ਅਸਾਂ ਨਹੀਂ ਤੱਕਿਆਂ

ਮੇਰੇ ਦਾਤਾ ਹੁਜਵੇਰੀ ਦੀ ਇਹ ਨਗਰੀ
ਮੁਰੀਦਾਂ ਨੂੰ ਨਿਹਾਲ ਰੱਖਦੀ

ਸ਼ਹਿਰ ਦੁਨੀਆ ਦੇ ਵਿਚ ਨੇਂ ਹਜ਼ਾਰਾਂ
ਲਹੌਰ ਦੀਆਂ ਰੀਸਾਂ ਕੋਈ ਨਾ

ਡਾਢਾ ਸੋਹਣਾ ਐਂ ਵਸੇਬ ਸਾਡਾ ਸੱਜਣੋ
ਮਿਸਾਲ ਇਹਦੀ ਕਿਤੇ ਨਾ ਕੋਈ

## ਮਿਲੀ ਬੋਲੀਆਂ

ਸੋਹਣੇ ਪਾਕ ਵਤਨ ਦੀ ਧਰਤੀ
ਇਹ ਸਾਡੇ ਲਈ ਬਹਿਸ਼ਤ ਵਰਗੀ

ਸਾਰੇ ਸ਼ਹਿਰ ਮੇਰੇ ਦੇਸ ਦੇ ਨੇਂ ਸੋਹਣੇ
ਇਹ ਬਾਗਾਂ ਤੇ ਬਹਾਰਾਂ ਵਰਗੇ

ਪਿੰਡਾਂ ਥਾਵਾਂ ਦੀਆਂ ਰਸਮਾਂ ਤੇ ਰੀਤਾਂ
ਮੁਹੱਬਤਾਂ ਦੇ ਨਾਲ਼ ਰੰਗੀਆਂ

ਸੋਹਣੀ ਬੋਲੀ ਏ ਅਸਾਡੀ ਪੰਜਾਬੀ
ਇਹ ਮਿਸ਼ਰੀ ਤੇ ਸ਼ਹਿਦ ਵਰਗੀ

ਸਾਡੇ ਦੇਸ ਵਿਚ ਹੈਰਾਨ ਜਿਹਾਂ ਕੁੜੀਆਂ
ਤੇ ਗੱਭਰੂ ਵੀ ਰਾਂਝਿਆਂ ਜਿਹੇ

ਸਾਡੇ ਦੇਸ ਦੀ ਫ਼ਿਜ਼ਾ ਏ ਬੜੀ ਰੰਗਲੀ
ਨਜ਼ਾਰਿਆਂ ਦੀ ਥੋੜ ਕੋਈ ਨਾ

ਸਾਡੀ ਕੌਮ ਨੂੰ ਸ਼ਹੀਦਾਂ ਦੀ ਦਲੇਰੀ
ਹਯਾਤੀ ਦਾ ਸੁਨੇਹਾ ਦੇ ਗਈ

ਕਦੀ ਵੈਰੀ ਦਾ ਵਸਾਹ ਨਹੀਂ ਖਾਣਾ
ਤੇ ਵੈਰੀ ਵੀ ਯਹੂਦੀ ਵਰਗਾ?

ਸਾਡੇ ਸਾਜੇ ਮਾਝੇ ਸਾਨੂੰ ਬੜੇ ਪਿਆਰੇ
ਉਹ ਸ਼ਾਨ ਸਾਡੀ ਰਹਿਤਲ ਦੀ

ਡਾਢਾ ਸੋਹਣਾ ਐਂ ਵਸੇਬ ਸਾਡਾ ਸੱਜਣੋ
ਮਿਸਾਲ ਇਹਦੀ ਕਿਤੇ ਨਾ ਕੋਈ

ਮੁਮਤਾਜ਼ ਰਾਸ਼ਿਦ ਦੇ ਪੰਜਾਬੀ ਸ਼ਿਅਰੀ ਮਜਮਵੇ
"ਕਰਮਾਂ ਦੀ ਛਾਂ ਕਰਦੇ"
(ਛਾਪ 2013ਈ.)ਵਿਚ ਸ਼ਾਮਿਲ ਬੋਲੀਆਂ ਦਾ

## ਪਰਾਗਾ

ਤੇਰੇ ਆਉਣ ਦੀ ਲਾਈ ਸਜਨਾਂ
ਵੇ ਤੇਨੂੰ ਕਿਹੜੇ ਵੈਰੀ ਡੱਕਿਆ
ਵੇ ਚੰਨ ਸੋਹਣਿਆ

ਮਾਹੀ ਜਦੋਂ ਦਾ ਵਿਛੋੜਾ ਪਾਇਆ ਦਿਲ ਨੂੰ
ਨਿਗਾਹਵਾਂ ਵਿਚ ਧੂੜ ਉੱਡਦੀ
ਨੀ ਜਿੰਦ ਮੇਰੀਏ

ਮੁਠ ਹੱਡੀਆਂ ਦੀ, ਪਿੰਡਾ ਹੋਇਆ ਸੱਜਣਾਂ
ਤੇ ਯਾਦ ਤੇਰੀ ਜਿੰਦ ਲੈ ਗਈ
ਵੇ ਚੰਨ ਸੋਹਣਿਆ

ਜਦੋਂ ਬਾਗੇ ਵਿਚ ਬੋਲੇ ਕੋਈ ਕੁਮਰੀ
ਤੇ ਮੈਨੂੰ ਤੇਰੀ ਵਾਜ ਲਗਦੀ
ਵੇ ਚੰਨ ਸੋਹਣਿਆ

ਮੈਨੂੰ ਆਉਣ ਦਾ ਸੁਨੇਹਾ ਘੱਲ ਦੇ
ਇਹ ਹੰਝੂ ਆਪੇ ਜਾਣਗੇ
ਵੇ ਚੰਨ ਸੋਹਣਿਆ

ਮੁੱਖ ਉਨ੍ਹਾਂ ਦੇ ਮਸ਼ਾਲਾਂ ਵਾਂਗੂੰ ਜਗਦੇ
ਕਿ ਜਿਹੜੇ ਚੰਨ ਕੋਲ਼ ਵਸਦੇ
ਉਹ ਯਾਰੋ ਬੇਲੀਉ

ਤੱਕ ਵੇਖ ਕੇ ਤੇ ਸਾਰਿਆਂ ਤੋਂ ਲੁਕ ਕੇ
ਤਾਰਿਆਂ ਦੀ ਛਾਵੇਂ ਮਿਲਣਾ
ਕਿ ਜਦੋਂ ਪਿਆਰ ਸੀ

ਗ਼ੈਰ ਬਣੇ ਰਹਿਣਾਂ ਸਾਰਿਆਂ ਦੇ ਮੂਹਰੇ
ਤੇ ਉਹਲੇ ਹੋ ਕੇ ਗਲੇ ਲੱਗਣਾਂ
ਕਿ ਜਦੋਂ ਪਿਆਰ ਸੀ

ਗੋਰੀ ਘੜੀ ਘੜੀ ਨੈਣ ਮਟਕਾਵੇ
ਤੇ ਅੱਖਾਂ ਵਿਚ ਪਾ ਕੇ ਕਜਲਾ
ਸਿਵਾਣੇ ਯਾਰ ਲਈ

ਝੱਲੇ ਮੁੰਡੇ ਨੂੰ ਮਖ਼ੌਲ ਕੁੜੀ ਕਰਦੀ
ਤੇ ਸਖੀਆਂ ਦੇ ਨਾਲ਼ ਰਲ ਕੇ
ਇਹ ਚੰਗੀ ਖੇਡ ਏ

ਅੱਤ ਚੁੱਕੀਂ ਨਾ ਜਵਾਨੀ ਵਿਚ ਕੁੜੀਏ
ਤੇ ਮਾਪਿਆਂ ਦੀ ਲੱਜ ਰੱਖ ਲਈਂ
ਨੀ ਜੀਵਨ ਜੋਗੀਏ

ਭੈਣਾਂ ਭਾਈਆਂ ਦੀਆਂ ਸੁੱਚੀਆਂ ਮੁਹੱਬਤਾਂ
ਤੇ ਮਾਪਿਆਂ ਦਾ ਪਿਆਰ ਵੱਖਰਾ
ਸਾਡੇ ਘਰਾਂ ਵਿਚ

ਯਾਰ ਯਾਰਾਂ ਵਾਲੇ ਐਬ ਸਾਰੇ ਜਾਣਦੇ
ਤੇ ਫ਼ਿਰ ਵੀ ਨਿਭਾਂਦੇ ਯਾਰੀਆਂ
ਭਈ ਜਿੰਦ ਵਾਰ ਕੇ

ਮੁਮਤਾਜ਼ ਰਾਸ਼ਿਦ ਦੇ ਪੰਜਾਬੀ ਸ਼ਿਅਰੀ ਮਜਮਵੇ
"ਕਰਮਾਂ ਦੀ ਛਾਂ ਕਰਦੇ"
(ਛਾਪ 2013ਈ.)ਵਿਚ ਸ਼ਾਮਿਲ ਅਕੀਦਤ
ਦੀਆਂ ਤੇ

## ਮਿਲੀ ਬੋਲੀਆਂ ਦਾ ਪਰਾਗਾ

ਤੈਨੂੰ ਸਜਦੀਆਂ ਸਭ ਵਡਿਆਈਆਂ
ਤੇ ਚਾਰੇ ਪਾਸੇ ਨੂਰ ਹੈ ਤੇਰਾ
ਓ ਰੱਬਾ ਸੋਹਣਿਆ

ਅਸੀਂ ਆਖ਼ਰੀ ਰਸੂਲ(ਸਲ.) ਹਾਂ ਉਮੱਤੀ
ਤੇ ਉਹੋ ਜਿਹੜਾ ਮੱਕੀ ਮਦਨੀ
ਓ ਰੱਬਾ ਸੋਹਣਿਆ

ਸਾਰੇ ਕਹਿੰਦੇ ਸਾਨੂੰ ਪਾਕਿਸਤਾਨੀ
ਤੇ ਪੱਕੀ ਏ ਪਛਾਣ ਕਰਦੇ
ਓ ਰੱਬਾ ਸੋਹਣਿਆ

ਜੋੜ ਕੋਈ ਨਹੀਂ ਜੇ ਡਾਕਟਰ ਇਕਬਾਲ ਦਾ
ਕਿ ਦਿੱਤਾ ਜਿਹਨੇ ਖ਼ਾਕਾ ਦੇਸ ਦਾ
ਪਿਆਰੇ ਦੇਸ ਦਾ

ਸਾਡਾ ਰਹਿਬਰ ਹੈ ਕਾਇਦੇ ਆਜ਼ਮ
ਕਿ ਬਾਨੀ ਜਿਹੜਾ ਪਾਕ ਦੇਸ ਦਾ
ਸੋਹਣੇ ਦੇਸ ਦਾ

ਯਾਰੋ, ਸੱਜਣੋ ਤੇ ਪਿਆਰੇ ਪਿਆਰੇ ਮਿੱਤਰੋ
ਵਤਨ ਨੂੰ ਸੰਵਾਰਦੇ ਰਹਵੋ
ਪਿਆਰੇ ਸੱਜਣੋ

ਬਾਹਰੋਂ ਵੇਰੀਆਂ ਨੇ ਘੱਟ ਨਹੀਂ ਜੇ ਕਰਨੀ
ਤੇ ਬਾਡਰਾਂ ਤੇ ਜਾਗਦੇ ਰਹਵੋ
ਸੋਹਣੇ ਫ਼ੋਜੀਓ

ਸੋਹਣੇ ਦੇਸ ਦੇ ਨੇਂ ਹਾਲ਼ੀ ਜੱਟ ਗੱਭਰੂ
ਕਿ ਖੇਤਾਂ ਵਿਚੋਂ ਸੋਨਾ ਕੱਢਦੇ
ਏ ਜੱਟ ਗੱਭਰੂ

ਮੱਠੀ ਪਵੇ ਨਾ ਮਸ਼ੀਨਾਂ ਦੀ ਇਹ ਖਟ ਖਟ
ਤੇ ਕਾਰਖ਼ਾਨੇ ਚਾਲੂ ਰੱਖਣਾ
ਓ ਮਿੱਲਾਂ ਵਾਲਿਓ

ਕਿਸੇ ਸ਼ੈ ਦੀ ਨਾ ਕਦੀ ਆਵੇ
ਤੇ ਮਾਰਕੀਟਾਂ ਰਹਿਣ ਭਰੀਆਂ
ਓ ਸੋਹਣੇ ਤਾਜਰੋ

ਤੁਸੀ ਦੇਸ ਦੀਆਂ ਬਾਗਾਂ ਦੀ ਬਹਾਰ ਓ
ਤੇ ਸਦਾ ਇੰਜੇ ਮਹਿਕਦੇ ਰਹਵੋ
ਓ ਫੁੱਲ ਕਲੀਉ

ਰੱਖੋ ਦਿਲਾਂ ਵਿਚ ਤੁਸੀਂ ਨਾਂ ਕਦੂਰਤਾਂ
ਤੇ ਪਿਆਰ ਨਾਲ਼ ਮਿਲੋ ਵਰਤੋ
ਓ ਯਾਰੋ ਬੇਲੀਉ